MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver



ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL.: 10 ISSUE: 33 SATURDAY, 13 AUGUST, 2022
www.punjablinkpaper.com 604-503-5465



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


## ਲਿਬਰਲਜ਼ ਵਲੋਂ ਡੈਂਟਲ ਕੇਅਰ ਵਾਅਦੇ ਲਈ ਆਰਜ਼ੀ ਹੱਲ ਦੀ ਯੋਜਨਾ



ਓਟਵਾ-ਸਰਕਾਰ ਦੇ ਤਜਵੀਜ਼ਸ਼ੁਦਾ 5.3 ਅਰਬ ਡਾਲਰ ਦੇ ਡੈਂਟਲ ਕੇਅਰ ਪ੍ਰੋਗਰਾਮ ਦੇ ਨੇੜਲੇ ਸੂਤਰਾਂ ਨੇ ਦੱਸਿਆ ਕਿ ਲਿਬਰਲਜ਼ ਇਕ ਅਸਥਾਈ ਹੱਲ ਦੀ ਯੋਜਨਾ ਬਣਾ ਰਹੇ ਹਨ ਜਿਸ ਵਿਚ ਐਨਡੀਪੀ ਵਲੋਂ ਆਪਣੇ ਵਾਅਦੇ ਨੂੰ ਪੂਰਾ ਕਰਨ ਲਈ ਮਰੀਜ਼ਾਂ ਨੂੰ ਸਿੱਧੇ ਪੈਸੇ ਦੇਣਾ ਸ਼ਾਮਿਲ ਹੈ ਜਦਕਿ ਉਹ ਵਧੇਰੇ ਪੱਕੇ ਹੱਲ 'ਤੇ ਕੰਮ ਕਰ ਰਹੇ ਹਨ। 2025 ਤੋਂ ਪਹਿਲਾਂ ਚੋਣਾਂ ਰੋਕਣ ਲਈ ਸਪਲਾਈ ਅਤੇ ਭਰੋਸੇ ਦੇ ਸਮਝੌਤੇ ਦੇ ਹਿੱਸੇ ਵਜੋਂ ਲਿਬਰਲਜ਼ ਨੇ ਐਨਡੀਪੀ ਨਾਲ ਘੱਟ ਤੇ ਦਰਮਿਆਨੀ ਆਮਦਨ ਵਾਲੇ ਪਰਿਵਾਰਾਂ ਲਈ ਨਵੇਂ ਡੈਂਟਲ ਪ੍ਰੋਗਰਾਮ ਦਾ ਵਾਅਦਾ ਕੀਤਾ ਸੀ। ਸਰਕਾਰ ਨੇ ਸਾਲ ਦੇ ਅੰਤ ਤਕ ਸਾਲਾਨਾ 90000 ਡਾਲਰ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਦੇ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੁਝ ਕਵਰੇਜ ਮੁਹੱਈਆ ਕਰਨੀ ਹੈ ਨਹੀਂ ਤਾਂ ਐਨਡੀਪੀ ਸਮਝੌਤੇ ਤੋਂ ਹਟ ਜਾਵੇਗੀ। ਸਰਕਾਰ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਰੱਖਦੇ ਸੂਤਰਾਂ ਜਿਨ੍ਹਾਂ ਨੂੰ ਜਨਤਕ ਤੌਰ 'ਤੇ ਬੋਲਣ ਦਾ ਅਧਿਕਾਰ ਨਹੀਂ ਨੇ ਕਿਹਾ ਕਿ ਸਰਕਾਰ ਵਲੋਂ ਸਮਾਂ ਸੀਮਾ ਦੇ ਅੰਦਰ ਵਾਅਦਾ ਪੂਰਾ ਕਰਨ ਦੀ ਸੰਭਾਵਨਾ ਨਹੀਂ ਅਤੇ ਉਸ ਦੀ ਪ੍ਰੋਗਰਾਮ ਨੂੰ ਸਥਾਈ ਰੂਪ ਵਿਚ ਲਾਗੂ ਕਰਨ ਤਕ ਇਕ ਆਰਜ਼ੀ ਹੱਲ ਦੀ ਯੋਜਨਾ ਹੈ। ਭਾਵੇਂ ਵੇਰਵੇ ਘੱਟ ਹਨ ਪਰ ਸੂਤਰਾਂ ਦਾ ਕਹਿਣਾ ਕਿ ਆਰਜ਼ੀ ਹੱਲ ਵਿਚ ਯੋਗ ਪਰਿਵਾਰਾਂ ਨੂੰ ਉਨ੍ਹਾਂ ਦੀਆਂ ਡੈਂਟਲ ਹੈਲਥ ਸੇਵਾਵਾਂ ਲਈ ਸਿੱਧੇ ਪੈਸੇ ਦਿੱਤੇ ਜਾਣਗੇ ਜਦਕਿ ਸਰਕਾਰ ਜ਼ਿਆਦਾ ਸਥਾਈ ਵਿਸਥਾਰਤ ਪ੍ਰੋਗਰਾਮ 'ਤੇ ਕੰਮ ਕਰਦੀ ਰਹੇਗੀ।

# ਪੋਲੀਵਰ ਕੰਸਰਵੇਟਿਵਾਂ ਦੀ ਪਹਿਲੀ ਤਰਜੀਹ ਬਣਿਆ-ਸਰਵੇਖਣ 'ਚ ਖੁਲਾਸਾ

ਓਟਵਾ-ਓਨਟਾਰੀਓ ਦੇ ਐਮਪੀ ਪਿਅਰੇ ਪੋਲੀਵਰੇ ਕੰਸਰਵੇਟਿਵ ਪਾਰਟੀ ਦੇ ਅਗਲੇ ਨੇਤਾ ਬਣਨ ਲਈ ਪਸੰਦੀਦਾ ਵਿਅਕਤੀ ਬਣੇ ਹੋਏ ਹਨ ਪਰ ਸਮੁੱਚੇ ਕੈਨੇਡੀਅਨਾਂ ਵਿਚ ਸਮਰਥਨ ਦੇ ਮਾਮਲੇ ਵਿਚ ਵਿਰੋਧੀ ਨੇਤਾ ਜੀਨ ਚਾਰੇਸਟ ਤੋਂ ਪਿੱਛੇ ਹਨ। ਐਸੋਸੀਏਸ਼ਨ ਫਾਰ ਕੈਨੇਡੀਅਨ ਸਟੱਡੀਜ਼ ਨਾਲ ਮਿਲ ਕੇ ਨਿਊ ਲੇਜਰ ਵਲੋਂ ਕਰਵਾਏ ਸਰਵੇਖਣ ਵਿਚ 44 ਫ਼ੀਸਦੀ ਕੰਸਰਵੇਟਿਵ ਵੋਟਰਾਂ ਦਾ ਵਿਸ਼ਵਾਸ਼ ਹੈ ਕਿ ਪੋਲੀਵਰੇ ਬਿਹਤਰੀਨ ਪਾਰਟੀ ਨੇਤਾ ਸਾਬਤ ਹੋਣਗੇ। ਉਸ ਦਾ ਵਿਰੋਧੀ ਅਤੇ ਕਿਊਬਕ ਦਾ ਸਾਬਕਾ ਪ੍ਰੀਮੀਅਰ ਜੀਨ ਚਾਰਸੇਟ 17 ਫ਼ੀਸਦੀ ਸਮਰਥਨ ਨਾਲ ਪਿੱਛੇ ਹੈ।



ਇਹ ਸਰਵੇਖਣ ਲੇਜਰ ਦੇ ਪ੍ਰਤੀਨਿਧ ਪੈਨਲ ਨੇ 1500 ਕੈਨੇਡੀਅਨ ਬਾਲਗਾਂ ਵਿਚ 5 ਅਗਸਤ ਤੋਂ 7 ਅਗਸਤ ਤਕ ਆਨਲਾਈਨ ਕੀਤਾ ਸੀ। ਇਸ ਵਿਚ ਗਲਤੀ ਦਾ ਫਰਕ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਆਨਲਾਈਨ ਸਰਵੇਖਣ ਨੂੰ ਅੰਕੜਾ ਪ੍ਰਤੀਨਿਧ ਨਮੂਨਾ ਨਹੀਂ ਸਮਝਿਆ ਜਾਂਦਾ। 22 ਫ਼ੀਸਦੀ ਕੰਸਰਵੇਟਿਵਾਂ ਦਾ ਕਹਿਣਾ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਪੰਜ ਉਮੀਦਵਾਰਾਂ ਵਿਚੋਂ ਕਿਹੜਾ ਸਭ ਤੋਂ ਵਧੀਆ ਨੇਤਾ ਬਣੇਗਾ ਜਦਕਿ 8 ਫ਼ੀਸਦੀ ਨੇ ਕਿਹਾ ਕਿ ਉਨ੍ਹਾਂ ਵਿਚੋਂ ਕੋਈ ਵੀ ਨਹੀਂ ਹੋਵੇਗਾ। ਬਾਕੀ ਉਮੀਦਵਾਰਾਂ ਵਿਚ ਓਨਟਾਰੀਓ ਦੇ ਐਮਪੀ ਲੈਸਲਿਨ ਲੇਵਿਸ ਨੂੰ 6 ਫ਼ੀਸਦੀ, ਓਨਟਾਰੀਓ ਦੇ ਐਮਪੀ ਸਕੌਟ ਐਚੀਸਨ ਨੂੰ ਦੋ ਫ਼ੀਸਦੀ ਤੇ ਸਾਬਕਾ ਓਨਟਾਰੀਓ ਪ੍ਰੋਵਿੰਸ਼ੀਅਲ ਸਿਆਸਤਦਾਨ ਰੋਮਨ ਬਾਰਬਰ ਨੂੰ ਇਕ ਫ਼ੀਸਦੀ ਸਮਰਥਨ ਮਿਲਿਆ ਹੈ। ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਨੂੰ ਪਿਛਲੇ ਮਹੀਨੇ ਲੀਡਰਸ਼ਿਪ ਪ੍ਰਬੰਧਕੀ ਕਮੇਟੀ ਵਲੋਂ ਇਨ੍ਹਾਂ ਦੋਸ਼ਾਂ ਕਿ ਉਸ ਨੇ ਪਾਰਟੀ ਨਿਯਮਾਂ ਨੂੰ ਤੋੜਿਆ ਹੈ ਅਤੇ ਸੰਭਵ ਹੈ ਕਿ ਫੈਡਰਲ ਚੋਣ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ ਨਾਲ ਮੁਕਾਬਲੇ ਵਿਚੋਂ ਬਾਹਰ ਕੱਢਣ ਪਿੱਛੋਂ ਲੇਜਰ ਵਲੋਂ ਲੀਡਰਸ਼ਿਪ ਦੌੜ ਲਈ ਪਹਿਲਾ ਸਰਵੇਖਣ ਕੀਤਾ ਹੈ।


For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY
AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
AMAN INSURANCE
- ਲਾਇਫ ਇੰਸ਼ੋਰੈਂਸ
- ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

“Simpson, Thomas & Associates are a legal dream team. No other law firm could have fought this claim as it takes a lot of resources to fight a case of this nature.”
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

“Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved.”
– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.


Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

**“We have offices in Vancouver and Surrey/Delta.”**

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 33 SATURDAY, 13 AUGUST, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁਝ ਖਬਰਾਂ ਕੁਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com



# ਸੁਖਬੀਰ ਪਾਰਟੀ ਪ੍ਰਧਾਨ ਬਣੇ ਰਹਿਣਗੇ

## ਬਾਗੀ ਆਗੂਆਂ ਖ਼ਿਲਾਫ਼ ਕਾਰਵਾਈ ਦੇ ਸੰਕੇਤ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੀ ਅੰਦਰੂਨੀ ਖਾਨਾਜੰਗੀ ਦੇ ਚੱਲਦਿਆਂ ਭੰਗ ਹੋਏ ਜਥੇਬੰਦਕ ਢਾਂਚੇ ਦੇ ਜ਼ਿਲ੍ਹਾ ਪ੍ਰਧਾਨਾਂ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਭਰੋਸਾ ਪ੍ਰਗਟਾਇਆ ਹੈ। ਜ਼ਿਲ੍ਹਾ ਪ੍ਰਧਾਨਾਂ ਦੀ ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਪਾਰਟੀ ਆਗੂਆਂ ਵਿਰਸਾ ਸਿੰਘ ਵਲਟੋਹਾ, ਇਕਬਾਲ ਸਿੰਘ ਝੂੰਦਾ ਤੇ ਮਨਤਾਰ ਸਿੰਘ ਬਰਾੜ ਨੇ ਕਿਹਾ ਕਿ ਸੁਖਬੀਰ ਬਾਦਲ ਹੀ ਪਾਰਟੀ ਦੇ ਪ੍ਰਧਾਨ ਸਨ ਤੇ ਭਵਿੱਖ ਵਿੱਚ ਵੀ ਉਹੀ ਪ੍ਰਧਾਨ ਰਹਿਣਗੇ। ਆਗੂਆਂ ਨੇ ਸ੍ਰੀ ਬਾਦਲ ਦੀ ਕਾਰਗੁਜ਼ਾਰੀ ਤੇ ਕਾਰਜਸ਼ੈਲੀ 'ਤੇ ਟਿੱਪਣੀਆਂ ਕਰਨ ਵਾਲੇ ਆਗੂਆਂ ਦੀਆਂ ਗਤੀਵਿਧੀਆਂ ਨੂੰ ਅਨੁਸਾਸ਼ਨਹੀਣਤਾ ਦੱਸਦਿਆਂ ਬਾਗੀ ਆਗੂਆਂ ਖ਼ਿਲਾਫ਼ ਜ਼ਾਬਤਾ ਕਾਰਵਾਈ ਦੇ ਸੰਕੇਤ ਦਿੱਤੇ ਹਨ। ਵਿਰਸਾ ਸਿੰਘ ਵਲਟੋਹਾ ਨੇ ਤਾਂ ਬਾਗੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ 'ਤੇ ਭਾਜਪਾ ਨਾਲ ਸਾਂਝ ਪਾਉਣ ਤੇ ਦਲ ਨੂੰ ਕਮਜ਼ੋਰ ਕਰਨ ਦੇ ਦੋਸ਼ ਵੀ ਲਾਏ। ਆਗੂਆਂ ਨੇ ਕਿਹਾ ਕਿ ਜਿਵੇਂ ਮਹਾਰਾਸ਼ਟਰ ਵਿੱਚ ਭਾਜਪਾ ਨੇ ਸ਼ਿਵ ਸੈਨਾ ਨੂੰ ਕਮਜ਼ੋਰ ਕੀਤਾ ਹੈ, ਉਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਕਮਜ਼ੋਰ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੀਤੇ ਸਮੇਂ 'ਚ ਅਕਾਲੀ ਦਲ ਨੇ ਹੁਣ ਤੱਕ ਕਈ ਚੁਣੌਤੀਆਂ ਦਾ ਡੱਟ ਕੇ ਮੁਕਾਬਲਾ ਕੀਤਾ ਹੈ ਤੇ ਭਵਿੱਖ ਵਿੱਚ ਵੀ ਹਰ ਚੁਣੌਤੀ ਦਾ ਸਾਹਮਣਾ ਕੀਤਾ ਜਾਵੇਗਾ। ਆਗੂਆਂ ਨੇ ਇਹ ਵੀ ਦਾਅਵਾ ਕੀਤਾ ਕਿ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਾਲੀ ਕਮੇਟੀ ਨੇ ਜੋ ਰਿਪੋਰਟ ਦਿੱਤੀ ਹੈ ਉਸ ਵਿੱਚ ਕਿਤੇ ਵੀ ਸੁਖਬੀਰ ਬਾਦਲ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਲਾਹੁਣ ਦਾ ਜ਼ਿਕਰ ਨਹੀਂ ਹੈ। ਸ੍ਰੀ ਵਲਟੋਹਾ ਨੇ ਕਿਹਾ ਕਿ ਵਿਰੋਧੀ ਸਿਆਸੀ ਪਾਰਟੀਆਂ ਨੂੰ ਵੀ ਅਕਾਲੀ ਦਲ ਜਾਂ ਪਾਰਟੀ ਦੇ ਪ੍ਰਧਾਨ ਖ਼ਿਲਾਫ਼ ਝੂਠਾ ਪ੍ਰਚਾਰ ਕਰਨ 'ਤੇ ਕਰਾਰਾ ਜਵਾਬ ਦਿੱਤਾ ਜਾਵੇਗਾ। ਅਕਾਲੀ ਦਲ ਦੇ ਆਗੂਆਂ ਨੇ ਕਿਹਾ ਕਿ ਹਰ ਪਾਰਟੀ ਵਿੱਚ ਅੰਦਰੂਨੀ ਜਮਹੂਰੀਅਤ ਤਹਿਤ ਪਾਰਟੀ ਪਲੈਟਫਾਰ 'ਤੇ ਗੱਲ ਕਰਨ ਦੀ ਖੁੱਲ੍ਹ ਹੁੰਦੀ ਹੈ, ਪਰ ਜੇਕਰ ਕੋਈ ਆਗੂ ਜਨਤਕ ਤੌਰ 'ਤੇ ਪਾਰਟੀ ਦੀਆਂ ਨੀਤੀਆਂ ਜਾਂ ਪਾਰਟੀ ਦੇ ਆਗੂ ਦੀ ਅਲੋਚਨਾ ਕਰਦਾ ਹੈ ਤਾਂ ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵੀ ਅਜਿਹੇ ਆਗੂਆਂ ਦੀਆਂ ਗਤੀਵਿਧੀਆਂ ਨੂੰ ਸਹਿਣ ਨਹੀਂ ਕਰੇਗਾ। ਇਕਬਾਲ ਸਿੰਘ ਝੂੰਦਾ ਨੇ ਕਿਹਾ ਕਿ ਜੇਕਰ ਅਕਾਲੀ ਦਲ ਵਿੱਚ ਕੋਈ ਕਮੀ ਹੈ ਤਾਂ ਉਹ ਦੂਰ ਕੀਤੀ ਜਾਵੇਗੀ ਤੇ ਪਾਰਟੀ ਦਾ ਨਵਾਂ ਰੂਪ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਹਰ ਤਰ੍ਹਾਂ ਦੀ ਲੜਾਈ ਸੁਖਬੀਰ ਬਾਦਲ ਦੀ ਲੀਡਰਸ਼ਿਪ ਹੇਠ ਹੀ ਲੜੇਗਾ ਤੇ ਪਾਰਟੀ ਦੇ ਕਿਸੇ ਵੀ ਆਗੂ ਨੂੰ ਵਿਰੋਧੀਆਂ ਦੀਆਂ ਚਾਲਾਂ 'ਚ ਆ ਕੇ ਹੱਥਠੋਕੇ ਬਣਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਅੰਦਰ ਚੱਲ ਰਹੀ ਉਥਲ ਪੁੱਥਲ ਦੌਰਾਨ ਹੀ ਅੱਜ ਜ਼ਿਲ੍ਹਾ ਪ੍ਰਧਾਨਾਂ ਦੀ ਮੀਟਿੰਗ ਬੁਲਾਈ ਗਈ ਸੀ। ਇਸੇ ਤਰ੍ਹਾਂ ਭਲਕੇ ਸਾਬਕਾ ਵਿਧਾਇਕਾਂ ਅਤੇ ਵਰਕਿੰਗ ਕਮੇਟੀ ਦੇ ਮੈਂਬਰਾਂ ਦੀ ਮੀਟਿੰਗ ਹੋਵੇਗੀ। ਗੌਰਤਲਬ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਕੁਝ ਦਿਨ ਪਹਿਲਾਂ ਪਾਰਟੀ ਦੇ ਸਾਰੇ ਵਿੰਗ ਭੰਗ ਕਰ ਦਿੱਤੇ ਸਨ। ਇਸ ਤੋਂ ਬਾਅਦ ਜਿਵੇਂ ਹੀ ਪਾਰਟੀ ਅੰਦਰ ਬਾਗੀ ਗਤੀਵਿਧੀਆਂ ਵਧਣ ਲੱਗੀਆਂ ਤਾਂ ਪਾਰਟੀ ਦੇ ਵਿੰਗਾਂ ਦੀਆਂ ਮੀਟਿੰਗ ਦਾ ਸਿਲਸਿਲਾ ਆਰੰਭ ਕਰ ਦਿੱਤਾ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAid BC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਰੀਅਲ ਅਸਟੇਟ ਏਜੰਟ ’ਤੇ ਕੁਹਾੜੀ ਨਾਲ ਹਮਲਾ ਕੈਮਰੇ ਵਿਚ ਕੈਦ

ਟੋਰਾਂਟੋ-ਤਿੰਨ ਵਿਅਕਤੀਆਂ ਜਿਨ੍ਹਾਂ ਵਿਚੋਂ ਦੋ ਕੋਲ ਮਛੇਟੀ ਤੇ ਇਕ ਕੋਲ ਕੁਹਾੜੀ ਸੀ ਨੇ ਬਰੈਂਪਟਨ ਦੇ ਇਕ ਵਿਅਕਤੀ ’ਤੇ ਹਮਲਾ ਕਰ ਦਿੱਤਾ ਅਤੇ ਇਹ ਸਾਰੀ ਘਟਨਾ ਇਕ ਕੈਮਰੇ ਵਿਚ ਕੈਦ ਹੋ ਗਈ। ਸੀਟੀਵੀ ਨਿਊਜ਼ ਨੇ ਪਰਿਵਾਰਕ ਮੈਂਬਰਾਂ ਦਾ ਹਵਾਲਾ ਦਿੰਦਿਆਂ ਹਮਲੇ ਦੇ ਸ਼ਿਕਾਰ ਵਿਅਕਤੀ ਦੀ ਪਛਾਣ ਰੀਅਲ ਅਸਟੇਟ ਏਜੰਟ ਜੋਤੀ ਸਿੰਘ ਮਾਨ ਵਜੋਂ ਕੀਤੀ ਹੈ। ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਨੇ ਕਿਹਾ ਕਿ ਇਹ ਬਹੁਤ ਹੀ ਘਿਨਾਉਣਾ ਅਪਰਾਧ ਹੈ। ਵੀਡੀਓ ਵਿਚ ਮਾਨ ਆਪਣੀ ਚਿੱਟੇ ਰੰਗ ਦੀ ਜੀਪ ਵਿਚ ਦਾਖਲ ਹੁੰਦਾ ਹੈ ਤਾਂ ਇਕ ਵਿਅਕਤੀ ਅਚਾਨਕ ਉਸ ਦੀ ਖਿੜਕੀ ’ਤੇ ਕੁਹਾੜੀ ਨਾਲ ਵਾਰ ਕਰਦਾ ਹੈ ਜਿਸ ਨਾਲ ਤਾਕੀ ਦਾ ਸ਼ੀਸ਼ਾ ਟੁੱਟ ਜਾਂਦਾ ਹੈ। ਮਾਨ ਨੇ ਆਪਣਾ ਬਚਾਅ ਕਰਨ ਦੀ ਕੋਸ਼ਿਸ਼ ਕੀਤੀ ਜਦਕਿ ਹਮਲਾਵਰ ਉਸ ਵੱਲ ਨੂੰ ਝੁਕੇ ਹੋਏ ਹਨ। ਫਿਰ ਉਹ ਉਸ ਨੂੰ ਜ਼ਮੀਨ ’ਤੇ ਸੁੱਟ ਲੈਂਦੇ ਹਨ ਅਤੇ ਉਸ ਨੂੰ ਠੁੱਡਾਂ ਮਾਰਦੇ ਲਗਦੇ ਹਨ, ਫੁੱਟੇਜ ਵਿਚ ਸਾਰਾ ਹਮਲਾ ਕੈਦ ਨਹੀਂ। ਹਮਲਾ ਉਸ ਸਮੇਂ ਤਕ ਚਲਦਾ ਹੈ ਜਦੋਂ ਤਕ ਇਕ ਘਰ ਵਿਚੋਂ ਇਕ ਔਰਤ ਮੌਕੇ ’ਤੇ ਨਹੀਂ ਪਹੁੰਚਦੀ ਜਿਸ ਕਾਰਨ ਹਮਲਾਵਰ ਦੌੜ ਜਾਂਦੇ ਹਨ। ਕੌਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਉਹ ਮਾਨ ਨੂੰ ਹਸਪਤਾਲ ਵਿਚ ਦੇਖਣ ਗਏ ਸਨ ਅਤੇ ਉਸ ਦੇ ਬਹੁਤ ਸਾਰੀਆਂ ਸੱਟਾਂ ਲੱਗੀਆਂ ਹੋਈਆਂ ਹਨ।

# ਆਮ ਫੂਡ ਪ੍ਰੀਜ਼ਰਵੇਟਿਵ ਨਾਲ ਮਰਨ ਵਾਲੇ ਕੈਨੇਡੀਅਨਾਂ ਦੀ ਗਿਣਤੀ ਵਧਣ ਪਿੱਛੋਂ ਡਾਕਟਰਾਂ ਵਲੋਂ ਕਾਰਵਾਈ ਦਾ ਸੱਦਾ

ਓਟਵਾ-ਆਮ ਫੂਡ ਪ੍ਰੀਜ਼ਰਵੇਟਿਵ ਸੋਡੀਅਮ ਨਾਈਟ੍ਰੇਟ ਨਾਲ ਮਰਨ ਵਾਲੇ ਕੈਨੇਡੀਅਨਾਂ ਦੀ ਗਿਣਤੀ ਵਧਣ ਪਿੱਛੋਂ ਹੋਰ ਲੋਕਾਂ ਦੇ ਨਾਲ ਨਾਲ ਡਾਕਟਰਾਂ ਨੇ ਨਿਯਮ ਨੂੰ ਸਖਤ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਕਿ ਲੋਕ ਸੋਡੀਅਮ ਨਾਈਟਰੇਟ ਦੇ ਸ਼ੁੱਧ ਰੂਪ ਦਾ ਜਾਣਬੁੱਝ ਕੇ ਅਣਸੁਰੱਖਿਅਤ ਮਾਤਰਾ ਵਿਚ ਸੇਵਨ ਕਰ ਰਹੇ ਹਨ। ਸੋਡੀਅਮ ਨਾਈਟਰੇਟ ਇਕ ਸਿੰਥੈਟਿਕ ਕਿਊਰਿੰਗ ਸਾਲਟ ਹੈ। ਇਹ ਆਮ ਤੌਰ ’ਤੇ ਮੀਟ ਨੂੰ ਸੁਰੱਖਿਅਤ ਰੱਖਣ ਲਈ ਵਰਤਿਆ ਜਾਂਦਾ ਹੈ ਪਰ ਜਦੋਂ ਕੁਝ ਖ਼ੁਰਾਕਾਂ ਦੇ ਰੂਪ ਵਿਚ ਇਸ ਨੂੰ ਲੈ ਲਿਆ ਜਾਵੇ ਤਾਂ ਇਹ ਘਾਤਕ ਸਾਬਤ ਹੋ ਸਕਦਾ ਹੈ। ਫੋਰੈਂਸਿਕ ਪੈਥੋਲੋਜਿਸਟ ਦਾ ਕਹਿਣਾ ਕਿ ਸਵੈ-ਨੁਕਸਾਨ ਦੇ ਇਰਾਦੇ ਵਾਲੇ ਲੋਕ ਕਈ ਸਾਲਾਂ ਤੋਂ ਆਤਮ-ਹੱਤਿਆ ਪੱਖੀ ਫੋਰਮਾਂ ਵਲੋਂ ਪਾਈ ਗਈ ਸਲਾਹ ਪਿੱਛੋਂ ਇਸ ਨੂੰ ਆਨਲਾਈਨ ਖਰੀਦ ਰਹੇ ਹਨ। ਓਨਟਾਰੀਓ ਵਿਚ 2019 ਅਤੇ 2020 ਵਿਚ ਸੋਡੀਅਮ ਨਾਈਟਰੇਟ ਦੀ ਜ਼ਹਿਰ ਨਾਲ ਘੱਟੋ ਘੱਟ 23 ਮੌਤਾਂ ਹੋਈਆਂ ਸਨ। ਸਟੱਡੀ ਦੇ ਪ੍ਰਮੁੱਖ ਲੇਖਕ ਡਾ. ਟਾਇਲਰ ਹਿਕੀ ਨੇ ਕਿਹਾ ਕਿ ਇਹ ਸਾਰੀਆਂ ਮੌਤਾਂ ਜਾਣਬੁੱਧ ਕੇ ਇਸ ਨੂੰ ਖਾਣ ਨਾਲ ਹੋਈਆਂ ਸਨ।

# ਤਿੰਨ ਵਿਦਿਆਰਥੀਆਂ ਨਾਲ ਨੇੜਲੇ ਸਬੰਧ ਰੱਖਣ ਕਾਰਨ ਅਧਿਆਪਕ ’ਤੇ 10 ਸਾਲ ਲਈ ਪਾਬੰਦੀ

ਸਰੀ-ਸਰੀ ਹਾਈ ਸਕੂਲ ਦੇ ਇਕ ਅਧਿਆਪਕ ਵਲੋਂ ਸਾਬਕਾ ਵਿਦਿਆਰਥੀਆਂ ਨਾਲ ਨੇੜਲੇ ਸਬੰਧ ਵਿਕਸਤ ਕਰਨ ਪਿੱਛੋਂ ਉਸ ਦਾ ਲਾਇਸੰਸ 15 ਸਾਲ ਲਈ ਰੱਦ ਕਰ ਦਿੱਤਾ ਗਿਆ ਹੈ। ਪਿਛਲੇ ਹਫਤੇ ਹੋਏ ਸਹਿਮਤੀ ਵਾਲੇ ਸਮਝੌਤੇ ਮੁਤਾਬਿਕ ਅਧਿਆਪਕ ਨੇ ਵਿਦਿਆਰਥੀਆਂ ਨਾਲ ਸਬੰਧ ਬਣਾ ਕੇ ਪੇਸ਼ੇਵਰ ਹੱਦਾਂ ਦੀ ਉਲੰਘਣਾ ਕੀਤੀ ਅਤੇ ਉਨ੍ਹਾਂ ਦੇ ਗਰੈਜੂਏਟ ਹੋਣ ਪਿੱਛੋਂ ਇਨ੍ਹਾਂ ਸਬੰਧਾਂ ਨੂੰ ਹੋਰ ਡੂੰਘਾ ਕੀਤਾ। ਇਸ ਦਾ ਕਹਿਣਾ ਕਿ ਅਧਿਆਪਕ ਨੇ 2005 ਤੋਂ 2008 ਤਕ ਵਿਦਿਆਰਤੀਆਂ ਨਾਲ ਨਿੱਜੀ ਸਬੰਧ ਬਣਾਏ ਅਤੇ ਫਿਰ ਗਰੈਜੂਏਸ਼ਨ ਪਿੱਛੋਂ ਉਨ੍ਹਾਂ ਨਾਲ ਅਣਉਚਿੱਤ ਡੂੰਘੇ ਸਬੰਧ ਬਣਾਏ ਸਨ। ਸਮਝੌਤੇ ਵਿਚ ਅਧਿਆਪਕ ਅਤੇ ਸਰੀ ਸਕੂਲ ਦੇ ਜ਼ਿਕਰ ਨਹੀਂ ਜਿਥੇ ਉਸ ਨੇ ਪੜ੍ਹਾਇਆ ਸੀ। ਵਿਦਿਆਰਥੀਆਂ ਦੀ ਪਛਾਣ ਏ, ਬੀ ਅਤੇ ਸੀ ਵਜੋਂ ਕੀਤੀ ਗਈ ਹੈ। ਇਸ ਸਮੇਂ ਦੌਰਾਨ ਅਧਿਆਪਕ ਨੇ ਬੱਚਿਆਂ ਨਾਲ ਸਮਾਂ ਬਿਤਾਇਆ ਅਤੇ ਜਿਣਸੀ ਸਮੱਗਰੀ ਸਮੇਤ ਉਨ੍ਹਾਂ ਨੂੰ ਇੰਸਟੈਂਟ ਸੰਦੇਸ਼ ਭੇਜੇ। ਉਸ ਨੇ ਸੀ ਵਿਦਿਆਰਥੀ ਨਾਲ ਉਸ ਵਲੋਂ ਗਰੈਜੂਏਸ਼ਨ ਕਰਨ ਪਿੱਛੋਂ ਡੂੰਘੇ ਸਬੰਧ ਵਿਕਸਤ ਕਰ ਲਏ ਸਨ ਅਤੇ ਵਿਦਿਆਰਥੀ ਨੂੰ ਦੱਸਿਆ ਕਿ ਉਸ ਦੇ ਸਬੰਧਾਂ ਬਾਰੇ ਜਦੋਂ ਸਕੂਲ ਸਟਾਫ ਨੂੰ ਪਤਾ ਲੱਗ ਗਿਆ ਹੈ ਤੋਂ ਉਸ ਨੂੰ ਕਿਵੇਂ ਬਚਾਉਣਾ ਹੈ। ਅਧਿਆਪਕ ਨੇ ਇੰਸਟੈਂਟ ਮੈਸੰਜਰ ਪ੍ਰੋਗਰਾਮ ਰਾਹੀਂ ਬੀ ਵਿਦਿਆਰਥੀ ਨਾਲ ਵੀ ਸੰਚਾਰ ਕੀਤਾ ਅਤੇ ਉਸ ਦੇ 19 ਸਾਲ ਦਾ ਹੋਣ ਪਿੱਛੋਂ ਵਿਦਿਆਰਥੀਆਂ ਨੂੰ ਸਮਾਜਿਕ ਤੌਰ ’ਤੇ ਮਿਲਣ ਲਈ ਸੱਦਾ ਦਿੱਤਾ। ਅਧਿਆਪਕ ਰੈਗੂਲੇਸ਼ਨ ਬਾਰੇ ਕਮਿਸ਼ਨਰ ਨੇ ਕਿਹਾ ਕਿ ਅਧਿਆਪਕ ਨੇ ਦੋ ਵਿਦਿਆਰਥੀਆਂ ਨਾਲ ਨਿੱਜੀ ਸੰਵੇਦਨਸ਼ੀਲ ਜਾਣਕਾਰੀ ਪ੍ਰਾਪਤ ਕਰਨ ਤੇ ਜਾਣਕਾਰੀ ਨੂੰ ਆਪਣੇ ਨਿੱਜੀ ਲਾਭ ਲਈ ਵਰਤਣ ਲਈ ਇਕ ਅਧਿਆਪਕ ਵਜੋਂ ਆਪਣੇ ਭਰੋਸੇ ਦੀ ਸਥਿਤੀ ਦੀ ਵਰਤੋਂ ਕੀਤੀ ਸੀ। ਅਧਿਆਪਕ ਜਿਸ ਨੂੰ 1996 ਵਿਚ ਲਾਇਸੰਸ ਜਾਰੀ ਕੀਤਾ ਗਿਆ ਸੀ ਨੇ ਅਪ੍ਰੈਲ 2015 ਪਿੱਛੋਂ ਕੇ-12 ਸਿਸਟਮ ਵਿਚ ਨਹੀਂ ਪੜ੍ਹਾਇਆ।



# ਬੀਸੀ ’ਚ ਜੁਲਾਈ ਦੀ ਹੀਟ ਵੇਵ ਨਾਲ 16 ਮੌਤਾਂ

ਵਿਕਟੋਰੀਆ-ਬਲੈਕ ਪ੍ਰੈਸ ਮੀਡੀਆ ਵਲੋਂ ਹਾਸਲ ਕੀਤੇ ਤਾਜ਼ਾ ਡਾਟਾ ਮੁਤਾਬਿਕ ਬੀਸੀ ਦੀ ਬਹੁਤ ਹੀ ਤਾਜ਼ਾ ਹੀਟ ਵੇਵ ਵਿਚ 16 ਵਿਅਕਤੀਆਂ ਦੀ ਮੌਤ ਹੋ ਗਏ। ਬੀਸੀ ਕੋਰੋਨਰਜ਼ ਸਰਵਿਸ ਨੇ ਵੇਰਵਿਆਂ ਦੀ ਪੁਸ਼ਟੀ ਕੀਤੀ ਹੈ। 2021 ਦੇ ਹੀਟ ਡੋਮ ਪਿੱਛੋਂ ਇਹ ਪਹਿਲੀ ਹੀਟ ਵੇਵ ਹੈ। 2021 ਦੀ ਹੀਟ ਡੋਮ ਜਿਹੜੀ 25 ਜੂਨ ਤੋਂ ਇਕ ਜੁਲਾਈ ਤਕ ਚੱਲੀ ਸੀ ਵਿਚ 619 ਵਿਅਕਤੀਆਂ ਦੀ ਮੌਤ ਹੋ ਗਈ ਸੀ। ਹੀਟ ਡੋਮ ਤੋਂ ਬਿਨ੍ਹਾਂ 2021 ਦੀਆਂ ਗਰਮੀਆਂ ਦੌਰਾਨ ਹੀਟ ਨਾਲ ਸਬੰਧਤ ਇਕ ਤੋਂ 6 ਵਿਚਕਾਰ ਮੌਤਾਂ ਹੋਈਆਂ ਸਨ। ਬੀਸੀ ਕੋਰੋਨਰਜ਼ ਸਰਵਿਸ ਦਾ ਕਹਿਣਾ ਕਿ ਉਸ ਨੇ ਇਸ ਤੋਂ ਪਹਿਲਾਂ ਗਰਮੀ ਨਾਲ ਸਬੰਧਤ ਮੌਤਾਂ ਦੀ ਪੂਰੀ ਜਾਂਚ ਨਹੀਂ ਕੀਤੀ ਸੀ ਅਤੇ 2010 ਤੇ 2020 ਵਿਚਕਾਰ ਸਿਰਫ ਤਿੰਨ ਰਿਕਾਰਡ ਹਨ। ਇਸ ਸਾਲ ਜੁਲਾਈ ਦੇ ਅਖੀਰ ਵਿਚ ਬੀਸੀ ਨੇ ਪਹਿਲੀ ਹੀਟ ਚਿਤਾਵਨੀ ਦਾ ਅਨੁਭਵ ਕੀਤਾ ਜਦੋਂ ਤਾਪਮਾਨ ਇੰਟੀਰੀਅਰ ਵਿਚ 40 ਡਿਗਰੀ ਸੈਲਸੀਅਸ ਤਕ ਪਹੁੰਚ ਗਿਆ ਸੀ। ਮੌਤਾਂ 26 ਜੁਲਾਈ ਤੇ ਤਿੰਨ ਅਗਸਤ ਵਿਚਕਾਰ ਹੋਈਆਂ ਹਨ। 8 ਮੌਤਾਂ ਫਰੇਜ਼ਰ ਹੈਲਥ ਰੀਜ਼ਨ ਵਿਚ, 6 ਇੰਟੀਰੀਅਰ ਵਿਚ ਅਤੇ ਇਕ ਇਕ ਮੌਤ ਵੈਨਕੂਵਰ ਕੋਸਟਲ ਤੇ ਆਈਲੈਂਡ ਹੈਲਥ ਇਲਾਕੇ ਵਿਚ ਹੋਈ।



# ਯੂਨੀਫਰ ਮੈਂਬਰਾਂ ਵੱਲੋਂ ਲਾਨਾ ਪੇਨ ਨਵੀਂ ਪ੍ਰਧਾਨ ਨਿਯੁਕਤ

ਓਟਵਾ-ਯੂਨੀਫਰ ਮੈਂਬਰਾਂ ਨੇ ਲਾਨਾ ਪੇਨ ਨੂੰ ਨਵੀਂ ਪ੍ਰਧਾਨ ਨਿਯੁਕਤ ਕੀਤਾ ਹੈ। ਲਾਨਾ ਪੇਨ ਕੈਨੇਡਾ ਦੀ ਸਭ ਤੋਂ ਵੱਡੀ ਪ੍ਰਾਈਵੇਟ ਸੈਕਟਰ ਯੂਨੀਅਨ ਦੀ ਪਹਿਲੀ ਔਰਤ ਪ੍ਰਧਾਨ ਹੈ। ਯੂਨੀਫਰ ਨੇ ਕਿਹਾ ਕਿ ਲਾਨਾ ਪੇਨ ਕੈਨੇਡਾ ਦੀ ਪ੍ਰਾਈਵੇਟ ਸੈਕਟਰ ਦੀ ਸਭ ਤੋਂ ਵੱਡੀ ਯੂਨੀਅਨ ਦੀ ਨਵੀਂ ਪ੍ਰਧਾਨ ਨਿਯੁਕਤ ਕੀਤਾ ਹੈ। ਯੂਨੀਫਰ ਦੀ ਪਹਿਲਾ ਕੌਮੀ ਸਕੱਤਰ-ਖਜ਼ਾਨਚੀ ਰਹੀ ਪੇਨ ਨੇ ਪ੍ਰਧਾਨ ਦੀ ਐਗਜੀਕਿਊਟਿਵ ਸਹਾਇਕ ਸਕੌਟ ਡੋਹਰਟੀ ਅਤੇ ਯੂਨੀਫਰ ਲੋਕਲ 444 ਦੇ ਪ੍ਰਧਾਨ ਡੇਨ ਕੈਸਿਡੀ ਨੂੰ ਹਰਾ ਦਿੱਤਾ। ਪੇਨ ਨੇ ਯੂਨੀਫਰ ਵਿਖੇ ਐਟਲਾਂਟਿਕ ਰੀਜਨਲ ਡਾਇਰੈਕਟਰ ਅਤੇ ਨਿਊਫਾਊਂਡਲੈਂਡ ਅਤੇਂ ਲੈਬਰਾਡੋਰ ਫੈਡਰੇਸ਼ਨ ਆਫ ਲੇਬਰ ਦੀ ਪ੍ਰਧਾਨ ਵਜੋਂ ਵੀ ਕੰਮ ਕੀਤਾ ਹੈ। ਮਾਰਚ ਮਹੀਨੇ ਸਾਬਕਾ ਕੌਮੀ ਪ੍ਰਧਾਨ ਜੇਰੀ ਡਿਆਸ ਵਲੋਂ ਅਹੁਦੇ ਤੋਂ ਹਟਣ ਅਤੇ ਸੰਘ ਦੇ ਸੰਵਿਧਾਨ ਦੀ ਨੈਤਿਕਤਾ ਅਤੇ ਲੋਕਤੰਤਰੀ ਗੱਲਾਂ ਦੀ ਉਲੰਘਣਾ ਦਾ ਦੋਸ਼ ਲਗਾਏ ਜਾਣ ਪਿੱਛੋਂ ਲੀਡਰਸ਼ਿਪ ਲਈ ਵੋਟਿੰਗ ਕਰਵਾਈ ਗਈ ਸੀ।



# ਕਾਰ ਪਾਰਕਿੰਗ ’ਚ ਡਰੱਗ ਡੀਲਰ ਦੀ ਗੋਲੀਆਂ ਮਾਰ ਕੇ ਹੱਤਿਆ

ਸਰੀ-ਟੈਕਸੀ ਦੇ ਪਿੱਛੇ ਬੈਠੇ ਇਕ ਡਰੱਗ ਡੀਲਰ ਜਿਸ ਨੂੰ ਪੁਲਿਸ ਜਾਣਦੀ ਸੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਇਸ ਗੋਲੀਬਾਰੀ ਵਿਚ ਟੈਕਸੀ ਦਾ ਡਰਾਈਵਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਡੇਵਿਡ ਚਾਵੇਜ਼ ਜਾਰਾ ਜਿਸ ਦਾ ਲੰਬਾ ਅਪਰਾਧਿਕ ਪਿਛੋਕੜ ਸੀ ਨੂੰ ਦੁਪਹਿਰ 2.20 ਵਜੇ 108ਵੀਂ ਐਵੀਨਿਊ ਦੇ 14800 ਬਲਾਕ ਵਿਚ ਚਰਚ ਚਿਕਨ ਦੀ ਪਾਰਕਿੰਗ ਵਿਚ ਨਿਸ਼ਾਨਾ ਬਣਾਇਆ ਗਿਆ। ਸਰੀ ਆਰਸੀਐਮਪੀ ਦੇ ਅਧਿਕਾਰੀ ਵਨੇਸਾ ਮੁਨ ਨੇ ਕਿਹਾ ਕਿ ਕਾਰ ਵਿਚ ਬੈਠੇ ਦੋਵਾਂ ਵਿਅਕਤੀਆਂ ਦੇ ਗੋਲੀਆਂ ਲੱਗੀਆਂ ਹਨ। ਉਸ ਨੇ ਦੱਸਿਆ ਕਿ ਟੈਕਸੀ ਦੇ ਡਰਾਈਵਰ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਹੈ ਅਤੇ ਜਾਂਚ ਲਈ ਇੰਟੀਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੂੰ ਬੁਲਾਇਆ ਗਿਆ ਹੈ। ਮੁਨ ਨੇ ਕਿਹਾ ਕਿ ਸਟ੍ਰਿਪ-ਮਾਲ ਪਾਰਕਿੰਗ ਵਿਚ ਦਿਨ ਦਿਹਾੜੇ ਗੋਲੀਬਾਰੀ ਕਰਕੇ ਦੂਸਰਿਆਂ ਦੀ ਸੁਰੱਖਿਆ ਦਾ ਕੋਈ ਖਿਆਲ ਨਹੀਂ ਰੱਖਿਆ ਗਿਆ ਜਿਸ ਦੇ ਸਿੱਟੇ ਵਜੋਂ ਟੈਕਸੀ ਡਰਾਈਵਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ।


Get your Mortgage approved from the

CANADA'S TOP #26 MORTGAGE BROKER

2022 TOP 75 BROKERS CMP

• Purchase • Renewal • Refinance
• Construction & Farm Mortgages

4.18%* 5 Years Variable Closed *Conditions Apply

GET CASH BACK UPTO $3,000*



RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative



SHARNJIT GILL, AMP
604 507 1000
SURREY
Unit 244 8138 128 St
www.quickapproval.ca

*Some conditions apply. Valid till 31 August, 2022



JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE

HOUSE INSURANCE UP TO 65% DISCOUNT AVAILABLE

THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

• ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Ask for Special Rate for Super Visa Insurance
Money Back upon Visa Declined

Wawanesa Insurance

Call Us Before You Renew / Buy Any Insurance Lien & Accident Search Available

# ਅਲਬਰਟਾ ਦੇ ਕਥਿਤ ਦੁਸ਼ਮਣਾਂ ਖਿਲਾਫ ਘਟੀਆ ਲੜਾਈ ਦੀ ਅਗਵਾਈ ਕਰ ਰਹੀ ਹੈ ਡੇਨੀਅਲ ਸਮਿਥ



ਐਡਮਿੰਟਨ-ਡੇਨੀਅਲ ਸਮਿਥ ਅਲਬਰਟਾ ਦੇ ਦੁਸ਼ਮਣ ਸਮਝੇ ਜਾਂਦੇ ਲੋਕਾਂ ਖਿਲਾਫ ਇਕ ਮਾੜੀ ਲੜਾਈ ਦੀ ਅਗਵਾਈ ਕਰ ਰਹੀ ਹੈ। ਜੇਕਰ ਇਸ ਨਾਲ ਇਕ ਵੱਡਾ ਸੰਵਿਧਾਨਕ ਸੰਕਟ ਪੈਦਾ ਨਹੀਂ ਹੁੰਦਾ ਤਾਂ ਇਸ ਨਾਲ ਅਲਬਰਟਾ ਦੇ ਬਾਕੀ ਦੇਸ਼ ਨਾਲ ਸਬੰਧ ਖਰਾਬ ਹੋ ਸਕਦੇ ਹਨ। ਯੂਨਾਈਟਡ ਕੰਸਰਵੇਟਿਵ ਪਾਰਟੀ ਦਾ ਨੇਤਾ ਬਣਨ ਲਈ ਤਿੰਨ ਮੁੱਖ ਉਮੀਦਵਾਰ ਇਹ ਦਿਖਾਉਣ ਲਈ ਇਕ ਦੂਸਰੇ ਨਾਲ ਲੜਾਈ ਕਰ ਰਹੇ ਹਨ ਕਿ ਉਹ ਅਲਬਰਟਾ ਦੇ ਦੁਸ਼ਮਣ ਸਮਝੇ ਜਾਂਦੇ ਲੋਕਾਂ ਜਿਨ੍ਹਾਂ ਵਿਚ ਅਲਬਰਟਾ ਦਾ ਐਨਡੀਪੀ ਨੇਤਾ ਅਤੇ ਪ੍ਰਧਾਨ ਮੰਤਰੀ ਸ਼ਾਮਿਲ ਹਨ ਖਿਲਾਫ ਇਕ ਜੰਗ ਦੀ ਅਗਵਾਈ ਕਰਨ ਵਿਚ ਕਿੰਨੇ ਸਭ ਤੋਂ ਢੁਕਵੇਂ ਹਨ। ਕੁਝ ਦਿਨ ਪਹਿਲਾਂ ਉਮੀਦਵਾਰ ਤੇ ਵਾਈਲਡਰੋਸ ਤੋਂ ਪਾਰਟੀ ਨੇਤਾ ਡੇਨੀਅਲ ਸਮਿਥ ਨੇ ਟਵੀਟ ਕਰਦਿਆਂ ਕਿਹਾ ਕਿ ਉਸ ਦਾ ਇਕੋ ਇਕ ਮਿਸ਼ਨ ਹੈ ਕਿ ਰਛੇਲਨੋਟਲੀ ਨੂੰ ਹਰਾਉਣਾ ਤੇ ਲੜਾਈ ਨੂੰ ਜਸਟਿਨ ਟਰੂਡੋ ਤਕ ਲੈ ਕੇ ਜਾਣਾ। ਸਮਿਥ ਅਲਬਰਟਾ ਸੋਵਰਨਿਟੀ ਐਕਟ ਪੇਸ਼ ਕਰਨ ਦਾ ਵਾਅਦਾ ਕਰ ਰਹੀ ਹੈ ਅਤੇ ਉਸ ਦਾ ਕਹਿਣਾ ਕਿ ਜਦੋਂ ਉਹ ਪ੍ਰੀਮੀਅਰ ਬਣ ਜਾਵੇਗੀ ਤਾਂ ਉਹ ਇਸ ਐਕਟ ਨਾਲ ਫੈਡਰਲ ਕਾਨੂੰਨਾਂ ਤੇ ਨਿਯਮਾਂ ਨੂੰ ਰੱਦ ਕਰ ਸਕੇਗੀ। ਉਸ ਦੀ ਹਮਲਾਵਰ ਮੁਹਿੰਮ ਸੁਰਖੀਆਂ ਬਟੋਰ ਰਹੀ ਹੈ ਅਤੇ ਭੀੜ ਨੂੰ ਖਿੱਚ ਰਹੀ ਹੈ। ਉਸ ਦੇ ਕਈ ਪ੍ਰਤੀਯੋਗੀ ਵੀ ਇਸੇ ਤਰ੍ਹਾਂ ਦੀਆਂ ਚਾਲਾਂ ਨਾਲ ਰੌਲਾ ਪਾ ਰਹੇ ਹਨ। ਇਸ ਹਫ਼ਤੇ ਉਮੀਦਵਾਰ ਬਰਾਇਨ ਜੀਨ ਜਿਹੜਾ ਵਾਈਲਡਰੋਸ ਦਾ ਸਾਬਕਾ ਨੇਤਾ ਹੈ ਨੇ ਟਵੀਟ ਕਰਦਿਆਂ ਕਿਹਾ ਕਿ ਕਿਊਬਕ ਅਲਬਰਟਾ ਦੀਆਂ ਕੰਪਨੀਆਂ ਨੂੰ ਕਿਊਬਕ ਵਿਚ ਕੁਦਰਤੀ ਗੈਸ ਦੀ ਖੁਦਾਈ ਦੀਆਂ ਤਜਵੀਜ਼ਾਂ ਨੂੰ ਰੋਕ ਕੇ ਬੇਇਨਸਾਫੀ ਕਰ ਰਿਹਾ ਹੈ।

# ਚੋਰੀ ਦੀ ਕਾਰ ਦਾ ਪੁਲਿਸ ਵਲੋਂ ਪਿੱਛਾ ਕਰਨ ਦੌਰਾਨ ਦੋ ਵਿਅਕਤੀਆਂ ਦੀ ਮੌਤ

ਐਬਟਸਫੋਰਡ-ਪੁਲਿਸ ਵਲੋਂ ਚੋਰੀ ਦੀ ਇਕ ਕਾਰ ਦਾ ਪਿੱਛਾ ਕਰਨ ਦੌਰਾਨ ਦੋ ਵਿਅਕਤੀਆਂ ਦੀ ਮੌਤ ਹੋ ਗਈ। ਪੁਲਿਸ ਨੇ ਜਦੋਂ ਇਕ ਚੋਰੀ ਕੀਤੀ ਕਾਰ ਦਾ ਪਿੱਛਾ ਕੀਤਾ ਤਾਂ ਉਹ ਦੁਰਘਟਨਾ ਦਾ ਸ਼ਿਕਾਰ ਹੋ ਗਈ ਜਿਸ ਕਾਰਨ ਇਕ ਔਰਤ ਯਾਤਰੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਮਰਦ ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੇ ਆਪਣੇ ਜ਼ਖ਼ਮਾਂ ਕਾਰਨ ਦਮ ਤੋੜ ਦਿੱਤਾ।



ਐਬਟਸਫੋਰਡ ਪੁਲਿਸ ਨੇ ਸ਼ਾਮ 3.02 ਵਜੇ ਚਿੱਟੇ ਰੰਗ ਦੀ 1991 ਅਕੁਰਾ ਇਨਟੇਗਾ ਚੋਰੀ ਦੀ ਕਾਰ ਦੇਖੀ ਅਤੇ ਇਹ ਲਿਵਿੰਗਸਟੋਨ ਐਵੀਨਿਊ ਅਤੇ ਮੈਕਲੂਰ ਰੋਡ ਇਲਾਕੇ ਵਿਚ ਜਾ ਰਹੀ ਸੀ। ਇਸ ਤੋਂ ਬਾਅਦ ਇਹ ਪੁਲਿਸ ਦੀਆਂ ਨਜ਼ਰਾਂ ਤੋਂ ਉਹਲੇ ਹੋ ਗਈ। ਸ਼ਾਮ 4.11 ਵਜੇ ਪੁਲਿਸ ਅਫਸਰਾਂ ਨੂੰ ਫਿਰ ਚੋਰੀ ਦੀ ਕਾਰ ਦਾ ਪਤਾ ਲੱਗ ਗਿਆ। ਇਸ ਜਾਣਕਾਰੀ ਕਿ ਇਹ ਕਾਰ ਇਕ ਹੋਰ ਇਲਾਕੇ ਵਿਚ ਤਾਜ਼ਾ ਹਿੰਸਕ ਅਪਰਾਧ ਵਿਚ ਸ਼ਾਮਿਲ ਹੈ ਦੇ ਆਧਾਰ 'ਤੇ ਪੁਲਿਸ ਨੇ ਕਾਰ ਦਾ ਪਿੱਛਾ ਕਰਨ ਦਾ ਫ਼ੈਸਲਾ ਕੀਤਾ। ਪਿੱਛਾ ਕਰਨ ਦੌਰਾਨ ਚੋਰੀ ਦੀ ਕਾਰ ਸੁਤੰਲਨ ਖੋਹ ਬੈਠੀ ਅਤੇ ਇਹ ਮੈਕਲੂਰ ਰੋਡ ਦੇ 31000 ਬਲਾਕ ਵਿਚ ਦੁਰਘਟਨਾ ਗ੍ਰਸਤ ਹੋ ਗਈ। ਔਰਤ ਯਾਤਰੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਮਰਦ ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੇ ਸੱਟਾਂ ਕਾਰਨ ਦਮ ਤੋੜ ਦਿੱਤਾ। ਇਸ ਦੁਰਘਟਨਾ ਵਿਚ ਕੋਈ ਹੋਰ ਕਾਰ ਜਾਂ ਪੈਦਲ ਯਾਤਰੀ ਸ਼ਾਮਿਲ ਨਹੀਂ ਸੀ। ਇੰਡੀਪੈਂਡੈਂਟ ਇਨਵੈਸਟੀਗੇਸ਼ਨ ਆਫਿਸ ਨੂੰ ਜਾਂਚ ਲਈ ਸੱਦਿਆ ਗਿਆ ਹੈ।

ਪ੍ਰਾਇਵੇਟ ਲੋਨ
ਸੈਕਿੰਡ ਮੌਰਗੇਜ਼
72 ਘੰਟਿਆਂ 'ਚ
ਪ੍ਰਾਇਵੇਟ ਮੌਰਗੇਜ
$20,000-$100,000
up to
85%
Loan
To Value
Lower Mainland & Vancouver Island
House, Townhouse , Condo, Truck Trailers,
Consumer Debt, Consumer Loan Consolidations,
Consumer Proposal Payout
New Immigrants Need Security
Full Employment.
Kulwinder Kaur
778-712-0911
DDS: Diverse Debt Solutions Ltd.
unit # 205-12899-76 Ave. Surrey

DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

### ਕੈਨੇਡੀਅਨ ਪੰਜਾਬੀ ਗੈਂਗਜ਼

# ਪਰਵਾਸੀ ਪੰਜਾਬੀ ਭਾਈਚਾਰੇ ਲਈ ਬਦਨਾਮੀ ਤੇ ਚਿੰਤਾ ਦਾ ਸਬੱਬ

**ਸੁਖਵਿੰਦਰ ਸਿੰਘ ਚੋਹਲਾ**

ਖਬਰਾਂ ਹਨ ਕਿ ਲੋਅਰ ਮੇਨਲੈਂਡ ਵਿਚ ਗੈਂਗਵਾਰ ਨੇ ਮੁੜ ਤੇਜੀ ਫੜ ਲਈ ਹੈ। ਪਿਛਲੇ ਦਿਨੀਂ ਵਿਸਲਰ ਵਿਚ ਦੋ ਪੰਜਾਬੀ ਨੌਜਵਾਨਾਂ ਮਨਿੰਦਰ ਧਾਲੀਵਾਲ ਤੇ ਸਤਿੰਦਰ ਗਿੱਲ ਦੇ ਦਿਨ ਦਿਹਾੜੇ ਮਾਰੇ ਜਾਣ ਉਪਰੰਤ ਪੁਲਿਸ ਨੇ ਇਸ ਗੋਲੀਬਾਰੀ ਲਈ ਸਰੀ ਦੇ ਦੋ ਹੋਰ ਪੰਜਾਬੀ ਨੌਜਵਾਨਾਂ ਗੁਰਸਿਮਰਨ ਸਹੋਤਾ ਤੇ ਤਨਵੀਰ ਖੱਖ ਨੂੰ ਨਾਮਜ਼ਦ ਕੀਤਾ ਹੀ ਸੀ ਕਿ ਇਸੇ ਦੌਰਾਨ ਸਾਊਥ ਸਰੀ ਦੇ ਇਕ ਪਾਰਕ ਵਿਚ ਮੁੜ ਗੋਲੀਬਾਰੀ ਹੋਣ ਦੀ ਖਬਰ ਮਿਲੀ। ਇਸ ਗੋਲੀਬਾਰੀ ਦੌਰਾਨ ਦੋ ਨੌਜਵਾਨਾਂ ਦੇ ਮਾਰੇ ਜਾਣ ਅਤੇ ਤੀਸਰੇ ਨੂੰ ਗੰਭੀਰ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਏ ਜਾਣ ਦੀ ਪੁਲਿਸ ਨੇ ਜਾਣਕਾਰੀ ਦਿੱਤੀ । ਸਰੀ ਅਤੇ ਆਸਪਾਸ ਗੋਲੀਬਾਰੀ ਦੀਆਂ ਉਤੋੜਿਤੀ ਘਟਨਾਵਾਂ ਦਰਮਿਆਨ ਪੁਲਿਸ ਨੇ 11 ਬਦਨਾਮ ਗੈਂਗਸਟਰਾਂ ਦੀਆਂ ਤਸਵੀਰਾਂ ਸਮੇਤ ਸੂਚੀ ਜਾਰੀ ਕਰਦਿਆਂ ਲੋਕਾਂ ਨੂੰ ਇਹਨਾਂ ਤੋਂ ਚੌਕਸ ਰਹਿਣ ਦੀ ਅਪੀਲ ਕੀਤੀ ਹੈ। ਨਾਲ ਹੀ ਇਹ ਵੀ ਕਿਹਾ ਹੈ ਕਿ ਇਹ ਨੌਜਵਾਨ ਕਿਸੇ ਵੀ ਥਾਂ ਜਨਤਕ ਸੁਰੱਖਿਆ ਲਈ ਖਤਰਾ ਬਣ ਸਕਦੇ ਹਨ ਕਿਉਂਕਿ ਇਹਨਾਂ ਦੇ ਵਿਰੋਧੀ ਗਰੁੱਪ ਕਿਸੇ ਵੇਲੇ ਵੀ ਇਹਨਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰ ਸਕਦੇ ਹਨ ਜਿਸ ਦੌਰਾਨ ਇਹਨਾਂ ਦੇ ਨੇੜਿਉ ਵਿਚਰਨ ਵਾਲੇ ਲੋਕ ਜਾਂ ਰਿਸ਼ਤੇਦਾਰ ਵੀ ਅਣਜਾਣੇ ਵਿਚ ਖਤਰੇ ਦੀ ਜ਼ੱਦ ਵਿਚ ਆ ਸਕਦੇ ਹਨ। ਪੁਲਿਸ ਵਲੋਂ ਗੈਂਗਸਟਰਾਂ ਦੀ ਜਾਰੀ ਕੀਤੀ ਸੂਚੀ ਕੈਨੇਡੀਅਨ ਪੰਜਾਬੀ ਭਾਈਚਾਰੇ ਲਈ ਚਿੰਤਾ ਅਤੇ ਬਦਨਾਮੀ ਦੇ ਸਬੱਬ ਵਾਲੀ ਹੈ ਕਿ ਕੁਲ 11 ਗੈਂਗਸਟਰਾਂ ਚੋਂ 9 ਗੈਂਗਸਟਰ ਪੰਜਾਬੀ ਪਰਿਵਾਰਾਂ ਦੇ ਬੱਚੇ ਹਨ। ਇਹਨਾਂ ਗੈਂਗਸਟਰਾਂ ਦੀ ਸੂਚੀ ਵਿਚੋਂ ਕੇਵਲ ਦੋ ਰਿਚਰਡ ਜੋਸਫ ਵਿਟਲੌਕ ਤੇ ਐਂਡੀ ਨੂੰ ਛੱਡਕੇ ਬਾਕੀ ਸਾਰੇ 9 ਜਣੇ ਪੰਜਾਬੀ ਹਨ। ਇਹਨਾਂ ਦੇ ਨਾਵਾਂ ਦਾ ਖੁਲਾਸਾ ਅਮਰਪ੍ਰੀਤ ਸਮਰਾ, ਜਗਦੀਪ ਚੀਮਾ, ਰਵਿੰਦਰ ਸਮਰਾ, ਗੁਰਪ੍ਰੀਤ ਧਾਲੀਵਾਲ, ਬਰਿੰਦਰ ਧਾਲੀਵਾਲ, ਸਮਰੂਪ ਗਿੱਲ, ਸਮਦੀਸ਼ ਗਿੱਲ, ਸੁਖਦੀਪ ਪਾਂਸਲ ਅਤੇ ਸ਼ਕੀਲ ਬਸਰਾ ਵਜੋਂ ਕੀਤਾ ਗਿਆ ਹੈ। ਪੁਲਿਸ ਵਲੋਂ ਪਿਛਲੇ ਸਾਲ ਜਾਰੀ ਕੀਤੀ ਗਈ ਗੈਂਗਸਟਰਾਂ ਦੀ ਸੂਚੀ ਵਿਚ ਵਿਸਲਰ ਵਿਚ ਮਾਰੇ ਗਏ ਮਨਿੰਦਰ ਧਾਲੀਵਾਲ ਦਾ ਨਾਮ ਵੀ ਸ਼ਾਮਿਲ ਸੀ । ਪੁਲਿਸ ਮੁਤਾਬਿਕ ਉਸਦਾ ਭਰਾ ਹਰਪ੍ਰੀਤ ਧਾਲੀਵਾਲ ਵੀ ਪਿਛਲੇ ਸਾਲ ਵੈਨਕੂਵਰ ਵਿਚ ਮਾਰਿਆ ਗਿਆ ਸੀ। ਧਾਲੀਵਾਲ ਪਰਿਵਾਰ ਦੇ ਦੋ ਨੌਜਵਾਨ ਬੱਚੇ ਮਾਰੇ ਜਾ ਚੁੱਕੇ ਹਨ ਜਦੋਂਕਿ ਪੁਲਿਸ ਵਲੋਂ ਹੁਣ ਜਾਰੀ ਕੀਤੀ ਸੂਚੀ ਵਿਚ ਤੀਸਰੇ 35 ਸਾਲਾ ਭਰਾ ਗੁਰਪ੍ਰੀਤ ਧਾਲੀਵਾਲ ਦਾ ਨਾਮ ਵੀ ਸ਼ਾਮਿਲ ਹੈ। ਪਿਛਲੇ ਸਾਲ ਇਹਨਾਂ ਦਿਨਾਂ ਵਿਚ ਹੀ ਗੈਂਗਵਾਰ ਵਿਚ 7 ਨੌਜਵਾਨ ਮਾਰੇ ਗਏ ਸਨ। ਜਿਹਨਾਂ ਵਿਚ ਕਰਮਨ ਗਰੇਵਾਲ, ਅਰਸ਼ਦੀਪ ਸਿੰਘ ਤੇ ਇਕ 14ਸਾਲਾ ਲੜਕਾ ਵਿਲੀਜ ਵੀ ਸ਼ਾਮਿਲ ਸੀ। ਇਸਤੋਂ ਬਿਨਾਂ ਮਾਰੇ ਗਏ ਨੌਜਵਾਨਾਂ ਵਿਚ ਦੋ ਸਕੇ ਭਰਾ ਜੋਬਨ ਢੀਂਡਸਾ-ਚੇਤਨ ਢੀਂਡਸਾ, ਜਸਕੀਰਤ ਕਾਲਕਟ,ਟੋਨੀ, ਅਨੀਸ ਮੁਹੰਮਦ, ਦਿਲਰਾਜ ਜੌਹਲ, ਹਰਬ ਧਾਲੀਵਾਲ, ਗੈਰੀ ਕੰਗ,ਯੁਵਰਾਜ ਜੱਬਲ, ਹਰਮਨ ਢੇਸੀ ਆਦਿ ਗੈਂਗਵਾਰ ਦੀ ਭੇਟ ਚੜਨ ਵਾਲਿਆਂ ਵਿਚ ਸ਼ਾਮਿਲ ਹਨ। ਪਿਛਲੇ ਸਾਲ ਕੁਰੈਕਸ਼ਨ ਅਫਸਰ ਬਿਕਰਮਦੀਪ ਰੰਧਾਵਾ ਨੂੰ ਵੀ ਦਿਨ ਦਿਹਾੜੇ ਮਿਥਕੇ ਨਿਸ਼ਾਨਾ ਬਣਾਇਆ ਗਿਆ ਸੀ। ਕਈ ਸਾਲਾਂ ਤੋਂ ਪੁਲਿਸ ਗੈਂਗਵਾਰ ਨੂੰ ਲੋਅਰ ਮੇਨਲੈਂਡ ਨਾਲ ਜੋੜਕੇ ਹੀ ਪੇਸ਼ ਕਰਦੀ ਆ ਰਹੀ ਹੈ ਪਰ ਇਸਦਾ ਖੁਲਾਸਾ ਇਹ ਵੀ ਹੈ ਕਿ ਗੈਂਗਸਟਰਾਂ ਦੀ ਇਹ ਬਦਲਾਲਊ ਜੰਗ ਕੇਵਲ ਲੋਅਰਮੇਨਲੈਂਡ ਨਹੀ ਬਲਕਿ ਦੇਸ਼ ਤੋਂ ਬਾਹਰ ਕੌਮਾਂਤਰੀ ਪੱਧਰ ਉਪਰ ਵੀ ਪਹੁੰਚ ਚੁੱਕੀ ਹੈ। ਭਾਵੇਂਕਿ ਇਹ ਗੈਂਗਵਾਰ ਯੁਨਾਈਟਡ ਨੇਸ਼ਨਜ਼, ਰੈਡ ਸਕਾਰਪੀਅਨਜ਼, ਬ੍ਰਦਰਜ਼ ਕੀਪਰਜ਼ ਅਤੇ ਵੋਲਫ ਪੈਕ ਆਦਿ ਗੈਂਗਜ਼ ਵਿਚਾਲੇ ਚੱਲ ਰਹੀ ਹੈ ਪਰ ਹੁਣ ਇਹ ਜਾਹਰਾ ਸਬੂਤ ਹਨ ਕਿ ਇਹਨਾਂ ਗੈਂਗਜ਼ ਦਾ ਜਾਲ ਕੌਮਾਂਤਰੀ ਪੱਧਰ ਫੈਲਿਆ ਹੋਇਆ ਹੈ। ਇਸ ਸਾਲ ਫਰਵਰੀ ਮਹੀਨੇ ਯੂ ਐਨ ਗੈਂਗਸਟਰ ਜਿਮੀ ਸੰਧੂ ਜੋ ਐਬਟਸਫੋਰਡ ਵਿਚ ਪਲਿਆ ਤੇ ਵੱਡਾ ਹੋਇਆ, ਨੂੰ ਥਾਈਲੈਂਡ ਦੇ ਸੈਲਾਨੀ ਸਥਾਨ ਫੁਕੇਟ ਵਿਖੇ ਸਥਿਤ ਉਸਦੀ ਰਿਹਾਇਸ਼ ਦੇ ਬਾਹਰ ਕਤਲ ਕਰ ਦਿੱਤਾ ਗਿਆ ਸੀ। ਜਿੰਮੀ ਸੰਧੂ ਤੋਂ ਇਲਾਵਾ 2017 ਵਿਚ ਯੂ ਐਨ ਗੈਂਗ ਦੇ ਇਕ ਮੈਂਬਰ ਜੋਧ ਮੰਜ ਨੂੰ ਮੈਕੀਸੀਕੋ ਸਿਟੀ ਵਿਚ ਗੋਲੀ ਮਾਰ ਦਿੱਤੀ ਗਈ ਸੀ। ਉਸਤੋਂ ਪਹਿਲਾਂ ਵੋਲਫ ਪੈਕ ਦਾ ਮੈਂਬਰ ਨਬੀਲ ਅਲ ਖਲੀਲ ਵੀ ਮੈਕਸੀਕੋ ਵਿਚ ਹੀ ਮਾਰਿਆ ਗਿਆ ਸੀ। ਪੁਲਿਸ ਰਿਪੋਰਟ ਮੁਤਾਬਿਕ ਲੋਅਰ ਮੇਨਲੈਂਡ ਵਿਚ ਇਹ ਤਾਜਾ ਗੈਂਗਵਾਰ ਐਬਟਸਫੋਰਡ ਵਿਚ ਡਰੱਗ ਕੰਟਰੋਲ ਨੂੰ ਲੈਕੇ ਹੋਏ ਇਕ ਝਗੜੇ ਤੋਂ ਸ਼ੁਰੂ ਹੋਈ ਸੀ। ਸਾਲ 2015 ਵਿਚ ਐਬਟਸਫੋਰਡ ਪੁਲਿਸ ਨੇ ਜਿੰਮੀ ਸੰਧੂ ਤੇ ਉਸਦੇ ਸਾਥੀ ਸੰਨੀ ਸਿੱਧੂ ਤੇ ਉਹਨਾਂ ਦੇ ਵਿਰੋਧੀ ਗਵਿੰਦਰ ਗਰੇਵਾਲ ਬਾਰੇ ਜਨਤਕ ਚੌਕਸੀ ਜਾਰੀ ਕੀਤੀ ਸੀ। ਇਹਨਾਂ ਤਿੰਨਾਂ ਚੋ ਦੋ ਮਾਰੇ ਜਾ ਚੁੱਕੇ ਹਨ। ਗਰੇਵਾਲ ਦਸੰਬਰ 2017 ਵਿਚ ਮਾਰਿਆ ਗਿਆ ਸੀ। ਸੰਨੀ ਸਿੱਧੂ ਦੇ ਦੁਬਈ ਚਲੇ ਜਾਣ ਦੀ ਖਬਰ ਹੈ ਜਦੋਂਕਿ ਉਸਦੇ ਭਰਾ ਨਵਦੀਪ ਤੇ ਇਕ ਹੋਰ ਸਾਥੀ ਹਰਮਨ ਮਾਂਗਟ ਨੂੰ ਜਨਵਰੀ 2017 ਵਿਚ ਐਡਮਿੰਟਨ ਵਿਚ ਗੋਲੀ ਮਾਰ ਦਿੱਤੀ ਗਈ ਸੀ। ਪੁਲਿਸ ਦਾ ਮੰਨਣਾ ਹੈ ਕਿ ਡਰੱਗ ਸਪਲਾਈ ਤੇ ਮਨੀ ਲਾਂਡਰਿੰਗ ਦੇ ਮਾਮਲੇ ਵਿਚ ਸਾਰੇ ਗੈਂਗਜ਼ ਦੇ ਕੌਮਾਂਤਰੀ ਸਬੰਧ ਹਨ। ਲੋਅਰ ਮੇਨਲੈਂਡ ਦੇ ਛੋਟੇ ਛੋਟੇ ਗਰੁਪ ਗੋਰਿਆਂ ਦੇ ਸਭ ਤੋਂ ਵੱਡੇ ਅਪਰਾਧਿਕ ਗਰੁੱਪ ਹੈਲਜ ਏਂਜਲਜ਼ ਦੀ ਨਕਲ ਕਰਦਿਆਂ ਕੌਮਾਂਤਰੀ ਸਬੰਧ ਸਥਾਪਿਤ ਕਰਨ ਦੀ ਕੋਸ਼ਿਸ਼ ਵੀ ਕਰਦੇ ਹਨ। ਬੀਸੀ ਦੇ ਬ੍ਰਦਰਜ਼ ਕੀਪਰਜ਼ ਅਤੇ ਵੋਲਫ ਪੈਕ ਦੇ ਹੈਲਜ਼ ਏਂਜਲਜ਼ ਨਾਲ ਡਰੱਗ ਵਪਾਰਕ ਸਬੰਧਾਂ ਤੋ ਇਨਕਾਰ ਨਹੀ ਕੀਤਾ ਜਾ ਸਕਦਾ। ਕੈਨੇਡੀਅਨ ਗੈਂਗਜ ਦੇ ਫੈਲੇ ਕੌਮਾਂਤਰੀ ਜਾਲ ਕਾਰਣ ਹੀ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਕੈਨੇਡੀਅਨ ਗੈਂਗਸਟਰ ਗੋਲਡੀ ਬਰਾੜ ਦੀ ਭਾਰੀ ਚਰਚਾ ਹੈ। ਇਹ ਵੱਖਰੀ ਗੱਲ ਹੈ ਕਿ ਕੈਨੇਡਾ ਵਿਚ ਸਿਆਸਤ ਤੇ ਕਾਰੋਬਾਰ ਵਿਚ ਪੰਜਾਬੀ ਭਾਈਚਾਰੇ ਦੀ ਚੜਤ ਤੋਂ ਖਾਰ ਖਾਂਦੀ ਇਕ ਧਿਰ ਦਾ ਸਾਰਾ ਜੋਰ ਪੰਜਾਬੀ ਮੂਲ ਦੇ ਗੈਂਗਸਟਰਾਂ ਦੀ ਚਰਚਾ ਕਰਦਿਆਂ ਪੰਜਾਬੀ ਤੇ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਉਪਰ ਲੱਗਿਆ ਹੋਇਆ ਹੈ। ਵੈਨਕੂਵਰ ਤੇ ਲੋਅਰ ਮੇਨਲੈਂਡ ਵਿਚ ਗੈਂਗਜ਼ ਅਤੇ ਗੈਂਗਵਾਰ ਦਾ ਇਤਿਹਾਸ ਤਾਂ ਬਹੁਤ ਪੁਰਾਣਾ ਹੈ ਪਰ ਕੈਨੇਡਾ ਵਿਚ ਪੰਜਾਬੀ ਨੌਜਵਾਨਾਂ ਦਾ ਗੈਂਗਜ਼ ਨਾਲ ਜੁੜਨਾ, ਪੰਜਾਬੀ ਮਾਫੀਆ ਦਾ ਉਭਾਰ ਤੇ ਗੈਂਗਵਾਰ ਦੀ ਸ਼ੁਰੂਆਤ 90 ਵਿਆਂ ਦੇ ਸ਼ੁਰੂ ਵਿਚ ਗੈਂਗਸਟਰ ਬਿੰਦੀ ਜੌਹਲ ਦੀ ਅੰਡਰਵਰਲਡ ਵਿਚ ਐਂਟਰੀ ਨਾਲ ਮੰਨੀ ਜਾਂਦੀ ਹੈ। ਜਨਵਰੀ 1971 ਨੂੰ ਪੰਜਾਬ ਵਿਚ ਜਨਮਿਆ ਬਿੰਦੀ ਜੌਹਲ ਚਾਰ ਸਾਲ ਦੀ ਉਮਰ ਵਿਚ ਆਪਣੇ ਮਾਪਿਆਂ ਨਾਲ ਕੈਨੇਡਾ ਆਇਆ ਸੀ। ਉਸਦੀ ਗੈਂਗਜ਼ ਵਿਚ ਸ਼ਮੂਲੀਅਤ ਨੂੰ ਉਸ ਨਾਲ ਵੈਨਕੂਵਰ ਦੇ ਇਕ ਸਕੂਲ ਵਿਚ ਹੋਏ ਨਸਲਵਾਦ ਨੂੰ ਦੱਸਿਆ ਜਾਂਦਾ ਹੈ। ਉਸਨੂੰ ਜਦੋ ਪਹਿਲੀ ਵਾਰ ਸਕੂਲ ਦੇ ਵਾਈਸ ਪ੍ਰਿੰਸੀਪਲ ਨੂੰ ਕੁੱਟਮਾਰ ਕਰਨ ਦੇ ਦੋਸ਼ ਵਿਚ ਚਾਰਜ ਕੀਤਾ ਗਿਆ ਸੀ ਤਾਂ ਉਸਨੇ ਅਦਾਲਤ ਨੂੰ ਉਸ ਨਾਲ ਨਸਲੀ ਵਿਵਹਾਰ ਤੇ ਭੇਦਭਾਵ ਕੀਤੇ ਜਾਣ ਦੀ ਗੱਲ ਕਹੀ ਸੀ। ਬਿੰਦੀ ਜੌਹਲ ਦੇ ਅੰਡਰਵਰਲਡ ਵਿਚ ਦਾਖਲ ਹੋਣ ਸਮੇਂ ਹੀ ਕਈ ਹੋਰ ਪੰਜਾਬੀ ਗੈਂਗਜ ਜਿਵੇਂ ਢੱਕ, ਦੂਹੜੇ, ਸੰਘੇੜੇ, ਮੱਲੀ,ਬੁੱਟਰ, ਚੀਮਾ ਬ੍ਰਦਰਜ਼, ਦੋਸਾਂਝ ਬ੍ਰਦਰਜ਼ ਦੇ ਨਾਮ ਚਰਚਿਤ ਹੋਏ। ਦੋਸਾਂਝ ਭਰਾਵਾਂ ਦੇ ਚੇਲੇ ਰਹੇ ਬਿੰਦੀ ਜੌਹਲ ਦੀ ਚੜਤ ਇਹਨਾਂ ਦੋਵਾਂ ਭਰਾਵਾਂ ਦੇ ਕਤਲ ਉਪਰੰਤ ਹੀ ਬਣੀ ਸੀ। ਵੈਨਕੂਵਰ ਵਿਚ ਪੈਦਾ ਹੋਏ ਪੰਜਾਬੀ ਮਾਫੀਆ ਦੀ ਆਪਸੀ ਲੜਾਈ ਦਾ ਕਾਰਣ ਡਰੱਗ ਵਪਾਰ ਉਪਰ ਕੰਟਰੋਲ ਨੂੰ ਲੈਕੇ ਹੀ ਦੱਸਿਆ ਜਾਂਦਾ ਰਿਹਾ ਹੈ। ਦਸਦੇ ਨੇ ਕਿਸੇ ਸਮੇਂ ਬਿੰਦੀ ਜੌਹਲ ਦੀ ਅਪਰਾਧਿਕ ਕਾਰੋਬਾਰ ਤੋਂ ਹਫਤੇ ਦੀ ਕਮਾਈ 8 ਤੋਂ 10 ਲੱਖ ਡਾਲਰ ਮੰਨੀ ਜਾਂਦੀ ਸੀ। ਦਸੰਬਰ 1998 ਵਿਚ ਉਸਦੇ ਕਤਲ ਉਪਰੰਤ ਉਸਦੇ ਕਤਲ ਵਿਚ ਸ਼ਾਮਿਲ ਉਸਦੇ ਆਪਣੇ ਹੀ ਸਾਥੀ ਬੱਲ ਬੁੱਟਰ ਨੇ ਇਹ ਆਪ ਮੰਨਿਆ ਸੀ ਕਿ ਬਿੰਦੀ ਨੇ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਇਕ ਪੰਜ ਮੈਂਬਰੀ ਕਾਤਲ ਦਸਤਾ ਤਿਆਰ ਕੀਤਾ ਹੋਇਆ ਸੀ। ਬੱਲ ਬੁਟਰ ਵੀ ਉਸੇ ਕਾਤਲ ਦਸਤੇ ਦਾ ਹਿੱਸਾ ਸੀ।ਇਸ ਦਸਤੇ ਵਲੋਂ 25-30 ਨੌਜਵਾਨਾਂ ਦੇ ਕਤਲ ਕਰਨਾ ਉਸਨੇ ਆਪ ਮੰਨਿਆ ਸੀ। ਬਿੰਦੀ ਜੌਹਲ ਦੇ ਕਤਲ ਉਪਰੰਤ ਉਸ ਉਪਰ ਹੋਏ ਕਾਤਲਾਨਾ ਹਮਲੇ ਵਿਚ ਉਹ ਅਪਾਹਜ ਹੋ ਗਿਆ ਸੀ ਤੇ 2011 ਵਿਚ 35 ਸਾਲ ਦੀ ਉਮਰ ਵਿਚ ਉਸਦੀ ਮੌਤ ਹੋ ਗਈ ਸੀ। ਉਸਨੇ ਮਰਨ ਤੋਂ ਪਹਿਲਾਂ ਵੈਨਕੂਵਰ ਸੰਨ ਦੀ ਪ੍ਰਸਿਧ ਕ੍ਰਾਈਮ ਰਿਪੋਰਟਰ ਕੋਲ ਕਈ ਅਹਿਮ ਖੁਲਾਸੇ ਕੀਤੇ ਸਨ। ਹਸਪਤਾਲ ਦੇ ਬੈਡ ਉਪਰ ਅਪਾਹਜ ਹਾਲਤ ਵਿਚ ਪਏ ਬੱਲ ਬੁੱਟਰ ਨੇ ਆਪਣੀ ਅਪਰਾਧਿਕ ਜਿੰਦਗੀ ਉਪਰ ਪਛਤਾਵਾ ਕਰਦਿਆਂ ਨਵੀ ਪੀੜੀ ਨੂੰ ਅਪਰਾਧਿਕ ਜਿੰਦਗੀ ਦੀ ਚਕਾਚੌਂਧ ਤੋਂ ਬਚਾਉਣ ਤੇ ਜਾਗਰੁਕ ਕੀਤੇ ਜਾਣ ਦੀ ਇੱਛਾ ਜਾਹਰ ਕੀਤੀ ਸੀ। ਕਿਹਾ ਜਾਂਦਾ ਹੈ ਕਿ ਹਰ ਅਪਰਾਧੀ ਦੀ ਆਖਰੀ ਮੰਜ਼ਲ ਮੌਤ ਜਾਂ ਜੇਲ ਹੁੰਦੀ ਹੈ ਪਰ ਇਸਦੇ ਬਾਵਜੂਦ ਪੰਜਾਬੀ ਨੌਜਵਾਨਾਂ ਦਾ ਗੈਂਗਜ ਤੇ ਡਰੱਗ ਕਾਰੋਬਾਰ ਵਿਚ ਸ਼ਾਮਿਲ ਹੋਣਾ, ਗੋਲੀਬਾਰੀ ਤੇ ਬਦਲਾਲਊ ਕਤਲਾਂ ਦਾ ਅਮੁਕ ਸਿਲਸਲਾ ਕੈਨੇਡੀਅਨ ਪੰਜਾਬੀ ਭਾਈਚਾਰੇ ਦੀ ਚੜਤ ਨੂੰ ਦਾਗਦਾਰ ਕਰਨ ਦੇ ਨਾਲ ਸ਼ਰਮਸ਼ਾਰ ਵੀ ਹੈ। ਖੁਸ਼ਹਾਲ ਤੇ ਸੁਖਦਾਈ ਜੀਵਨ ਦੀ ਤਲਾਸ਼ ਵਿਚ ਕੈਨੇਡਾ ਪਰਵਾਸ ਕਰਕੇ ਆਏ ਲੋਕਾਂ ਦੇ ਬੱਚਿਆਂ ਦਾ ਅਪਰਾਧ ਜਗਤ ਦੇ ਚੁੰਗਲ ਵਿਚ ਫਸਣਾ ਬੇਹੱਦ ਤਕਲੀਫਦੇਹ ਹੈ। ਚਾਰ ਸਾਲ ਪਹਿਲਾਂ ਸਰੀ ਦੇ ਇਕ ਸਕੂਲ ਵਿਚ ਪੜਦੇ 16 ਤੇ 17 ਸਾਲ ਦੇ ਦੋ ਪੰਜਾਬੀ ਬੱਚਿਆਂ ਜਸ਼ਨ ਝੂਟੀ ਤੇ ਜਸਕਰਨ ਭੰਗਲ ਦੀ ਗੈਂਗਜ ਦੁਆਰਾ ਹੱਤਿਆ ਨੇ ਸਰੀ ਸ਼ਹਿਰ ਨੂੰ ਹਿਲਾਕੇ ਰੱਖ ਦਿੱਤਾ ਸੀ। ਉਸ ਸਮੇਂ ਸ਼ਹਿਰ ਦੇ ਕੁਝ ਜਾਗਰੁਕ ਲੋਕਾਂ ਨੇ ਗੈਂਗਜ ਦੀ ਰੋਕਥਾਮ ਵਿਚ ਆਰ ਸੀ ਐਮ ਪੀ ਦੀ ਨਾਕਾਮੀ ਨੂੰ ਮੁੱਦਾ ਬਣਾਉਦਿਆਂ ਸਰੀ ਵਿਚ ਮਿਊਂਸਪਲ ਪੁਲਿਸ ਦੀ ਸਥਾਪਨਾ ਦੀ ਮੰਗ ਕਰਦਿਆਂ ਲੋਕਾਂ ਨੂੰ ਪੁਲਿਸ ਤੇ ਸਿਵਲ ਤੰਤਰ ਦੇ ਉਦਾਸੀਨ ਰਵੱਈਏ ਖਿਲਾਫ ਉਠਣ ਦਾ ਸੱਦਾ ਦਿੱਤਾ ਸੀ। ਇਸ ਉਪਰੰਤ ਸੇਫ ਸਰੀ ਦੇ ਆਗੂ ਡੱਗ ਮੈਕੱਲਮ ਤੇ ਉਸਦੀ ਟੀਮ ਨੇ ਮਿਊਂਸਪਲ ਪੁਲਿਸ ਦੀ ਕਾਇਮੀ ਦੇ ਵਾਅਦੇ ਨਾਲ ਹੀ ਚੋਣਾਂ ਵਿਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਸੀ। ਮੇਅਰ ਨੇ ਆਪਣੇ ਵਾਅਦੇ ਉਪਰ ਪੂਰਾ ਉਤਰਦਿਆਂ ਕਈ ਵਿਰੋਧਾਂ ਦੇ ਬਾਵਜੂਦ ਮਿਊਂਸਪਲ ਪੁਲਿਸ ਦੀ ਸਥਾਪਨਾ ਕਰ ਦਿੱਤੀ। ਇਸ ਸਮੇਂ ਆਰ ਸੀ ਐਮ ਪੀ ਤੋਂ ਮਿਊਂਸਪਲ ਪੁਲਿਸ ਵਿਚ ਟਰਾਂਜਿਸ਼ਨ ਦੀ ਪ੍ਰਕਿਰਿਆ ਜਾਰੀ ਹੈ। ਪਰ ਇਸ ਦੌਰਾਨ ਗੈਂਗਜ ਤੇ ਅਪਰਾਧਿਕ ਸਰਗਰਮੀਆਂ ਦਾ ਜਿਊ ਤਿਉਂ ਜਾਰੀ ਰਹਿਣਾ ਕਈ ਗੰਭੀਰ ਸਵਾਲ ਖੜੇ ਕਰਦਾ ਹੈ। ਸਵਾਲ ਇਹ ਵੀ ਹੈ ਕਿ ਕੀ ਆਰ ਸੀ ਐਮ ਪੀ ਬਨਾਮ ਹੋਰ ਸਿਟੀ ਕੌਂਸਲਾਂ ਜਿਹਨਾਂ ਦੀ ਆਪਣੀ ਪੁਲਿਸ ਹੈ, ਵਿਚਾਲੇ ਅਪਰਾਧ ਦਰ ਵਿਚ ਕੋਈ ਅੰਤਰ ਹੈ। ਸਵਾਲ ਪੁਲਿਸ, ਸੁਰੱਖਿਆ ਏਜੰਸੀਆਂ ਜਾਂ ਸਿਵਲ ਪ੍ਰਸਾਸ਼ਨ ਉਪਰ ਕਿੰਤੂ ਪ੍ਰੰਤੂ ਕਰਨ ਦਾ ਨਹੀ ਬਲਕਿ ਸਵਾਲ ਇਹ ਹੈ ਕਿ ਲੋਕ ਆਪਣੇ ਬੱਚਿਆਂ ਦੇ ਪਾਲਣ ਪੋਸਣ ਅਤੇ ਸਮਾਜਿਕ ਜਿੰਮੇਵਾਰੀਆਂ ਨੂੰ ਕਿਵੇ ਨਿਭਾਉਂਦੇ ਹਨ। ਸਮਾਜਿਕ ਆਲੇ ਦੁਆਲੇ ਤੇ ਬੱਚਿਆਂ ਲਈ ਇਕ ਚੰਗਾ ਤੇ ਸਿਹਤਮੰਦ ਮਾਹੌਲ ਮੁਹੱਈਆ ਕਰਵਾਉਣ ਦੀ ਜਿੰਮੇਵਾਰੀ ਕਿਸਦੀ ਹੈ। ਇੰਡੋ ਕੈਨੇਡੀਅਨ ਪਰਿਵਾਰਾਂ ਦੇ ਬੱਚਿਆਂ ਦੇ ਗੈਂਗਜ਼ ਤੇ ਅਪਰਾਧਿਕ ਸਰਗਰਮੀਆਂ ਵੱਲ ਉਲਾਰ ਹੋਣ ਦੀ ਪ੍ਰਵਿਰਤੀ ਦੇ ਭਾਰੂ ਹੋਣ ਦੀ ਚਿੰਤਾ ਦੇ ਨਾਲ ਉਹਨਾਂ ਹੋਣਹਾਰ ਬੱਚਿਆਂ ਦੀ ਵੀ ਗੱਲ ਕਰਨੀ ਬਣਦੀ ਹੈ ਜੋ ਕੌਮੀ ਤੇ ਕੌਮਾਂਤਰੀ ਪੱਧਰ ਵਿਚ ਖੇਡਾਂ ਤੇਂ ਹੋਰ ਖੇਤਰਾਂ ਵਿਚ ਮੱਲਾਂ ਮਾਰ ਰਹੇ ਹਨ। ਬਰਮਿੰਘਮ ਵਿਚ ਚੱਲ ਰਹੀਆਂ ਕਾਮਨਵੈਲਥ ਖੇਡਾਂ ਵਿਚ ਸਰੀ ਤੇ ਐਬਟਸਫੋਰਡ ਦੇ ਪਹਿਲਵਾਨਾਂ ਅਮਰ ਢੇਸੀ ਤੇ ਨਿਸ਼ਾਨ ਰੰਧਾਵਾ ਤੋ ਇਲਾਵਾ ਜਸਮੀਤ ਫੂਲਕਾ, ਬਿਕਰਮਜੀਤ ਗਿੱਲ, ਪ੍ਰਿਯੰਕਾ ਢਿੱਲੋਂ ਤੇ ਕੈਨੇਡੀਅਨ ਨੈਸ਼ਨਲ ਹਾਕੀ ਟੀਮ ਵਿਚ ਸ਼ਾਮਿਲ ਗੇਵਿਨ ਬੈਂਸ, ਬਲਰਾਜ ਪਨੇਸਰ, ਹਰਬੀਰ ਸਿੱਧੂ, ਮਨਵੀਰ ਝਮਟ ਤੇ ਗੁਰਪ੍ਰੀਤ ਸਿੰਘ ਜਿਹੇ ਖਿਡਾਰੀ ਸਾਡੇ ਬੱਚਿਆਂ ਲਈ ਪ੍ਰੇਰਨਾ ਸਰੋਤ ਕਿਉਂ ਨਹੀ ਹੋ ਸਕਦੇ। ਬੱਚਿਆਂ ਨੂੰ ਗੈਂਗਜ਼ ਅਤੇ ਅਪਰਾਧਾਂ ਤੋਂ ਦੂਰ ਰੱਖਣ ਅਤੇ ਉਹਨਾਂ ਨੂੰ ਇਕ ਚੰਗੇ ਸ਼ਹਿਰੀ ਬਣਾਉਣ ਹਿੱਤ ਖਾਲਸਾ ਰੈਸਲਿੰਗ ਕਲੱਬ,ਮੀਰੀ ਪੀਰੀ ਰੈਸਲਿੰਗ ਕਲੱਬ, ਬੀ ਸੀ ਟਾਈਗਰਜ਼, ਫੀਲਡ ਹਾਕੀ ਕਲੱਬਾਂ, ਸੌਕਰ ਕਲੱਬਾਂ ਤੇ ਕਿਡਜ ਪਲੇਅ, ਵਰਗੀਆਂ ਸੰਸਥਾਵਾਂ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਮੰਗ ਹੈ। ਲੋੜ ਹੈ ਇਹ ਸੋਚਣ ਦੀ ਕਿ ਗੈਂਗਜ ਤੇ ਅਪਰਾਧਿਕ ਸਮੱਸਿਆਵਾਂ ਲਈ ਕਿਸੇ ਪੁਲਿਸ ਫੋਰਸ ਜਾਂ ਪ੍ਰਸ਼ਾਸਨ ਉਪਰ ਜਿੰਮੇਵਾਰੀ ਸੁੱਟਣ ਨਾਲੋਂ ਅਸੀ ਬੱਚਿਆਂ ਦੇ ਬੇਹਤਰ ਪਾਲਣ ਪੋਸਣ ਤੇ ਆਪਣੀਆਂ ਸਮਾਜਿਕ ਜਿੰਮੇਵਾਰੀਆਂ ਪ੍ਰਤੀ ਕਿੰਨੇ ਕੁ ਚੇਤਨ ਹਾਂ।



UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ



YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899



Tarlok (Tony) Chandi
778-858-7878



Arjun Singh
604.760.3661

# ਜਸਟਿਨ ਟਰੂਡੋ, ਫੀਡਲ ਕਾਸਟਰੋ ਦਾ ਲੰਬੇ ਸਮੇਂ ਤੋਂ ਗੁਆਚਾ ਪੁੱਤਰ

ਓਟਵਾ-ਪਿਛਲੇ ਮਹੀਨੇ ਕੈਨੇਡਾ ਨੂੰ ਕਮਿਊਨਿਸਟ ਦੇਸ਼ ਐਲਾਨਣ ਪਿੱਛੋਂ ਜੋ ਰੋਗਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਹ ਪੁਸ਼ਟੀ ਕਰਨ ਲਈ 23 ਐਂਡ ਮੀ ਡੀਐਨਏ ਟੈਸਟ ਕਰਵਾਉਣ ਦਾ ਸੁਝਾਅ ਦੇ ਰਹੇ ਹਨ ਕਿ ਉਹ ਫੀਡਲ ਕਾਸਟਰੋ ਦਾ ਪੁੱਤਰ ਨਹੀਂ। ਰੋਗਨ ਐਕਸਪੀਰੀਐਂਸ ਪੌਡਕਾਸਟ ਦੇ ਇਕ ਹਿੱਸੇ ਦੌਰਾਨ ਰੋਗਨ ਨੇ ਕਮੇਡੀਅਨ ਸੋਮ ਤ੍ਰਿਪੋਲੀ ਨੂੰ ਦੱਸਿਆ ਕਿ ਟਰੂਡੋ ਤੇ ਕਾਸਟਰੋ ਵਿਚਕਾਰ ਸਮਾਨਤਾਵਾਂ ਬਹੁਤ ਅਸਾਧਾਰਨ ਹਨ। ਇਸ ਤਰ੍ਹਾਂ ਦੀ ਅਫਵਾਹ ਸਭ ਤੋਂ ਪਹਿਲਾਂ ਉਸ ਸਮੇਂ ਫੈਲੀ ਜਦੋਂ ਕਾਸਟਰੋ ਦੇ ਪੁੱਤਰ ਫੀਡਲਿਟੋ ਨੇ 2018 ਵਿਚ ਖੁਦਕੁਸ਼ੀ ਕੀਤੀ ਸੀ। ਐਸੋਸੀਏਟਿਡ ਪ੍ਰੈਸ ਨੇ ਦੇਖਿਆ ਕਿ ਕਈ ਸਾਈਟਾਂ ਨੇ ਲਿਖਿਆ ਕਿ ਫੀਡਲਿਟੋ ਨੇ ਇਕ ਨੋਟ ਵਿਚ ਟਰੂਡੋ ਦਾ ਆਪਣੇ ਮਤਰੇਏ ਭਰਾ ਵਜੋਂ ਜ਼ਿਕਰ ਕੀਤਾ ਹੈ।2016 ਵਿਚ ਕਮਿਊਨਿਸਟ ਪਾਰਟੀ ਦੇ ਨੇਤਾ ਫੀਡਲ ਕਾਸਟਰੋ ਦੀ ਮੌਤ ਪਿੱਛੋਂ ਵੀ ਕਾਸਟਰੋ ਦੇ ਟਰੂਡੋ ਦਾ ਪਿਤਾ ਹੋਣ ਦੀ ਥਿਊਰੀ ਸਾਂਝੀ ਕੀਤੀ ਗਈ ਸੀ। ਕੈਨੇਡਾ ਸਰਕਾਰ ਨੇ ਰਿਪੋਰਟਾਂ ਦਾ ਖੰਡਨ ਕੀਤਾ ਹੈ ਅਤੇ ਏਪੀ ਦੀ ਜਾਂਚ ਵਿਚ ਖੁਲਾਸਾ ਹੋਇਆ ਕਿ ਜਸਟਿਨ ਟਰੂਡੋ ਦੇ ਜਨਮ ਤੋਂ ਚਾਰ ਸਾਲ ਤੋਂ ਵੀ ਜ਼ਿਆਦਾ ਸਮੇਂ ਪਿੱਛੋਂ ਉਸ ਦੀ ਮਾਂ ਨੇ ਜਨਤਕ ਤੌਰ 'ਤੇ ਬਹੁਤ ਚਰਚਿਤ ਕਿਊਬਾ ਦੀ ਪਹਿਲੀ ਯਾਤਰਾ ਕੀਤੀ ਸੀ ਅਤੇ ਕਾਸਟਰੋ ਨਾਲ ਮੁਲਾਕਾਤ ਕੀਤੀ ਸੀ।

# ਤਿੰਨ ਮੋਟਰ ਗੱਡੀਆਂ ਦੀ ਟੱਕਰ ਵਿਚ ਦੋ ਵਿਅਕਤੀਆਂ ਦੀ ਮੌਤ

ਸਰੀ-ਲੈਂਗਲੀ ਵਿਚ ਕਈ ਮੋਟਰ ਗੱਡੀਆਂ ਦੀ ਦੁਰਘਟਨਾ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ 196ਵੀਂ ਸਟਰੀਟ ਅਤੇ 32ਵੀਂ ਐਵੀਨਿਊ ਦੇ ਚੌਰਾਹੇ 'ਤੇ 6 ਅਗਸਤ ਨੂੰ ਸ਼ਾਮ 5.10 ਵਜੇ ਤਿੰਨ ਮੋਟਰ ਗੱਡੀਆਂ ਦੀ ਟੱਕਰ ਵਿਚ ਇਕ ਮੋਟਰ ਗੱਡੀ ਵਿਚ ਸਵਾਰ ਇਕ ਮਰਦ ਤੇ ਇਕ ਔਰਤ ਦੀ ਮੌਤ ਹੋ ਗਈ। ਦੋਵੇਂ 50 ਦੇ ਦਹਾਕੇ ਦੇ ਸਨ ਅਤੇ ਉਨ੍ਹਾਂ ਦੀ ਪਛਾਣ ਸਰੀ ਵਾਸੀਆਂ ਵਜੋਂ ਕੀਤੀ ਗਈ ਹੈ। ਚਸ਼ਮਦੀਦ ਗਵਾਹਾਂ ਨੇ ਦੱਸਿਆ ਕਿ 196ਵੀਂ ਸਟਰੀਟ 'ਤੇ ਜਾ ਰਹੀ ਇਕ ਐਸਯੂਵੀ ਸ਼ਾਇਦ ਸਾਈਨ ਤੋਂ ਖੁੰਝ ਗਈ ਅਤੇ 32ਵੀਂ ਐਵੀਨਿਊ ਦੇ ਨਾਲ ਜਾ ਰਹੀ ਇਕ ਵੀਡਬਲਯੂ ਸੇਡਾਨ ਨਾਲ ਟਕਰਾ ਗਈ। ਟੱਕਰ ਕਾਰਨ ਵੀਡਬਲਯੂ ਸੇਡਾਨ ਆ ਰਹੇ ਟ੍ਰੈਫਿਕ ਵਿਚ ਧੱਕੀ ਗਈ ਅਤੇ ਵੱਡੇ ਡੋਜ ਟਰੱਕ ਨਾਲ ਟਕਰਾ ਗਈ। ਵੀਡਬਲਯੂ ਸੇਡਾਨ ਵਿਚ ਸਵਾਰ ਵਿਅਕਤੀ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ ਦਮ ਤੋੜ ਗਏ। ਐਸਯੂਵੀ ਤੇ ਡੌਜ ਟਰੱਕ ਵਿਚ ਸਵਾਰ ਵਿਅਕਤੀਆਂ ਨੂੰ ਲੈਂਗਲੀ ਦੇ ਮੈਮੋਰੀਅਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਅਤੇ ਉਹ ਮਾਮੂਲੀ ਜ਼ਖ਼ਮੀ ਹੋਏ ਸਨ। ਕ੍ਰਿਮੀਨਲ ਇਨਵੈਸਟੀਗੇਸ਼ਨ ਟੀਮ ਜਾਂਚ ਕਰ ਰਹੀ ਹੈ। ਉਨ੍ਹਾਂ ਨੇ ਬੇਨਤੀ ਕੀਤੀ ਹੈ ਕਿ ਜੇਕਰ ਕਿਸੇ ਨੇ ਦੁਰਘਟਨਾ ਦੇਖੀ ਹੋਵੇ ਜਾਂ ਕਿਸੇ ਕੋਲ ਡੈਸ਼ ਕੈਮ ਫੁੱਟੇਜ ਹੋਵੇ ਉਹ ਲੈਂਗਲੀ ਪੁਲਿਸ ਨਾਲ ਸੰਪਰਕ ਕਰ ਸਕਦਾ ਹੈ।



# ਬੀਸੀ ਦੇ ਸਾਬਕਾ ਸਾਲਿਸਟਰ ਜਨਰਲ ਰਿਚ ਕੋਲਮੈਨ ਵਲੋਂ ਰਾਜਨੀਤੀ ਵਿਚ ਵਾਪਸੀ

ਸਰੀ-ਸੇਵਾ ਮੁਕਤ ਹੋਣ ਤੋਂ ਦੋ ਸਾਲ ਪਿੱਛੋਂ ਬੀਸੀ ਦਾ ਸਾਬਕਾ ਸਾਲਿਸਟਰ ਜਨਰਲ ਰਾਜਨੀਤੀ ਵਿਚ ਵਾਪਸ ਆ ਰਿਹਾ ਹੈ ਪਰ ਇਸ ਵਾਰ ਉਹ ਲੈਂਗਲੀ ਟਾਊਨਸ਼ਿਪ ਵਿਚ ਐਲੀਵੇਟ ਲੈਂਗਲੀ ਵੋਟਰਜ਼ ਐਸੋਸੀਏਸ਼ਨ ਸਿਵਕ ਪਾਰਟੀ ਨਾਲ ਮਿਉਂਸਪਲ ਪੱਧਰ ਦੀ ਰਾਜਨੀਤੀ ਵਿਚ ਕਿਸਮਤ ਅਜਮਾਉਣ ਜਾ ਰਿਹਾ ਹੈ। ਰਜਿਸਟਰ ਨੇ ਲੈਂਗਲੀ ਈਸਟ ਦੇ ਸਾਬਕਾ ਐਮਐਲਏ ਕੋਲਮੈਨ ਨੂੰ ਪਾਰਟੀ ਲਈ ਅਧਿਕਾਰਤ ਪ੍ਰਮੁੱਖ ਅਧਿਕਾਰੀ ਵਜੋਂ ਸੂਚੀਬੱਧ ਕੀਤਾ ਹੈ। ਉਸ ਨੇ ਸਿਵਕ ਪਾਰਟੀ ਰਜਿਸਟਰਡ ਕਰਵਾਈ ਹੈ ਪਰ ਹੁਣ ਦੇਖਣਾ ਹੈ ਕਿ ਕੀ ਕੋਲਮੈਨ 15 ਅਕਤੂਵਬਰ ਦੀ ਚੋਣਾਂ ਵਿਚ ਹਿੱਸਾ ਲੈਣਗੇ ਜਾਂ ਨਹੀਂ। ਲੈਂਗਲੀ ਐਡਵਾਂਸ ਟਾਈਮਜ਼ ਵਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਕੋਲਮੈਨ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਸ ਕੋਲ ਮੇਅਰ ਦੀ ਚੋਣ ਲੜਨ ਲਈ ਪਹੁੰਚ ਕੀਤੀ ਗਈ ਸੀ ਪਰ ਉਸ ਨੇ ਅਜੇ ਤਕ ਫ਼ੈਸਲਾ ਨਹੀਂ ਕੀਤਾ। ਕੋਲਮੈਨ ਨੇ ਲੈਂਗਲੀ ਐਡਵਾਂਸ ਟਾਈਮਜ਼ ਨੂੰ ਦੱਸਿਆ ਕਿ ਮੇਅਰ ਦੀ ਚੋਣ ਲੜਨ ਲਈ ਉਸ ਨੂੰ ਬਹੁਤ ਸਾਰੇ ਲੋਕ ਕਹਿ ਰਹੇ ਹਨ। ਉਹ ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ। ਕੋਲਮੈਨ ਨੇ ਕਿਹਾ ਕਿ ਉਸ ਕੋਲ ਕੁਝ ਨੌਜਵਾਨ ਹਨ ਜਿਹੜੇ ਚੋਣ ਲੜਨਾ ਚਾਹੁੰਦੇ ਹਨ। ਇਲੈਕਸ਼ਨ ਬੀਸੀ ਰਜਿਸਟਰ ਐਂਟਰੀ ਐਲੀਵੇਟ ਲੈਂਗਲੀ ਨੇ ਇਕ ਫੋਨ ਨੰਬਰ ਸੂਚੀਬੱਧ ਕੀਤਾ ਜਿਹੜਾ ਮੌਜੂਦਾ ਲੈਂਗਲੀ ਈਸਟ ਐਮਐਲਏ ਮੇਗਨ ਡਾਈਕਮੈਨ ਦੇ ਦਫ਼ਤਰ ਦਾ ਨੰਬਰ ਹੈ ਜਿਸ ਨੇ ਕਿਹਾ ਕਿ ਉਸ ਦੀ ਪਾਰਟੀ ਵਿਚ ਕੋਈ ਸ਼ਮੂਲੀਅਤ ਨਹੀਂ ਅਤੇ ਇਸ ਨੂੰ ਪੂਰੀ ਤਰ੍ਹਾਂ ਗਲਤ ਦੱਸਿਆ ਹੈ। ਉਧਰ ਕੋਲਮੈਨ ਨੇ ਕਿਹਾ ਕਿ ਉਹ ਇਸ ਦੀ ਜਾਂਚ ਕਰੇਗਾ। 2018 ਵਿਚ ਕੋਲਮੈਨ ਨੇ ਸਰੀ ਮੇਅਰ ਦੀ ਚੋਣ ਲੜਨ 'ਤੇ ਵਿਚਾਰ ਕੀਤਾ ਸੀ ਪਰ ਬਾਅਦ ਵਿਚ ਪਿੱਛੇ ਹਟ ਗਿਆ ਸੀ।

# ਸਰੀ ਸਕੂਲ ਬੋਰਡ ਚੋਣ ਲਈ ਨਵੀਂ ਸਲੇਟ ਦਾ ਐਲਾਨ

ਸਰੀ-ਇਸ ਸਾਲ ਪੱਤਝੜ ਵਿਚ ਜਦੋਂ ਸਕੂਲ ਟਰੱਸਟੀਜ਼ ਦੀ ਚੋਣ ਹੋਵੇਗੀ ਤਾਂ ਸਰੀ ਵਾਸੀਆਂ ਕੋਲ ਵੋਟ ਲਈ ਦੂਸਰੀ ਸਲੇਟ ਦਾ ਵਿਕਲਪ ਹੋਵੇਗਾ। ਟੀਮ ਸਰੀ ਸਕੂਲਜ਼ ਨੇ ਐਤਵਾਰ 7 ਅਗਸਤ ਨੂੰ 6 ਉਮੀਦਵਾਰਾਂ ਨਾਲ ਮੁਕੰਮਲ ਸਲੇਟ ਦੀ ਸ਼ੁਰੂਆਤ ਕੀਤੀ ਹੈ। ਸਰੀ ਬੋਰਡ ਆਫ ਐਜੂਕੇਸ਼ਨ ਦੀਆਂ 7 ਸੀਟਾਂ ਹਨ ਅਤੇ ਇਕ ਸੀਟ ਵਾਈਟ ਰੌਕ ਦੀ ਪ੍ਰਤੀਨਿਧਤਾ ਲਈ ਮਨੋਨੀਤ ਕੀਤੀ ਗਈ ਹੈ ਜਿਸ ਵਿਚ ਸਰੀ ਸਕੂਲ ਡਿਸਟ੍ਰਿਕਟ ਸ਼ਾਮਿਲ ਹੈ। ਸਲੇਟ ਲੀਡਰ ਅਤੇ ਕਵਾਂਟਲੇਨ ਪੌਲੀਟੈਕਨਿਕ ਯੂਨੀਵਰਸਿਟੀ ਪ੍ਰੋਫੈਸਰ ਡਾ. ਬਲਬੀਰ ਗੁਰਮ ਨੇ ਐਲਾਨ ਤੋਂ ਪਹਿਲਾਂ ਨਾਉ ਲੀਡਰ ਨਾਲ ਗੱਲਬਾਤ ਕੀਤੀ ਹੈ। ਗੁਰਮ ਜਿਸ ਨੇ ਨੈੱਟਵਰਕ ਟੂ ਇਲੀਮੀਨੇਟ ਵਾਇਲੰਸ ਇਨ ਰਿਲੇਸ਼ਨਸ਼ਿਪ (ਐਨਈਵੀਆਰ) ਦੀ ਸਥਾਪਨਾ ਕੀਤੀ ਨੇ ਕਿਹਾ ਕਿ ਉਹ ਅਤੇ ਉਸ ਦੀ ਟੀਮ ਕਹਿ ਰਹੀ ਹੈ ਕਿ ਉਨ੍ਹਾਂ ਨੂੰ ਰੋਕਥਾਮ ਕਰਨ ਦੀ ਲੋੜ ਹੈ ਅਤੇ ਸਾਨੂੰ ਸਕੂਲਾਂ ਵਿਚ ਦਾਖਲ ਹੋਣ ਦੀ ਲੋੜ ਹੈ। ਗੁਰਮ ਨੇ ਕਿਹਾ ਕਿ ਉਸ ਨੇ ਲੋਕਾਂ ਦੇ ਗਰੁੱਪ ਨੂੰ ਲੱਭਣ ਲਈ ਕੰਮ ਕੀਤਾ ਹੈ ਜਿਹੜੇ ਆਪਣੀ ਕਮਿਊਨਿਟੀ ਨੂੰ ਵਧੀਆ ਬਣਾਉਣਾ ਚਾਹੁੰਦੇ ਹਨ ਅਤੇ ਜਿਹੜੇ ਸਾਡੇ ਬੱਚਿਆਂ ਦਾ ਬਿਹਤਰ ਭਵਿੱਖ ਚਾਹੁੰਦੇ ਹਨ। ਗੁਰਮ ਦੇ ਨਾਲ ਟੀਮ ਸਰੀ ਸਕੂਲ ਦੇ ਉਮੀਦਵਾਰਾਂ ਵਿਚ ਦੁਪਿੰਦਰ ਸਰਾਂ, ਰੋਕਸਨ ਚਾਰਲਸ, ਮੈਰੀਅਨ ਪਾਇਨੇ, ਟੋਨੀ ਰੇਬੇਲੋ ਅਤੇ ਬੌਬੀ ਟੇਲਰ ਸ਼ਾਮਿਲ ਹਨ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।


604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਮਾਨ ਦੀ ਅਗਵਾਈ ਹੇਠ ਬੰਦੀ ਸਿੰਘਾਂ ਦੀ ਰਿਹਾਈ ਲਈ ਜੰਤਰ ਮੰਤਰ ਤੇ ਧਰਨਾ

ਨਵੀਂ ਦਿੱਲੀ-ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਜੰਤਰ-ਮੰਤਰ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਅੱਜ ਧਰਨਾ ਦਿੱਤਾ। ਪਾਰਟੀ ਵੱਲੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਨਾਂ 'ਤੇ ਦਿੱਤੇ ਗਏ ਯਾਦ ਪੱਤਰ ਵਿੱਚ ਬੇਨਤੀ ਕੀਤੀ ਗਈ ਹੈ ਕਿ ਉਹ ਸੰਵਿਧਾਨ ਦੀ ਧਾਰਾ 72 ਤਹਿਤ 25 ਸਾਲਾਂ ਤੋਂ ਵੱਧ ਕਾਨੂੰਨੀ ਸਜ਼ਾ ਭੁਗਤ ਚੁੱਕੇ ਸਾਰੇ ਸਿੱਖ ਬੰਦੀਆਂ ਨੂੰ ਰਿਹਾਅ ਕਰਨ। ਜੰਤਰ-ਮੰਤਰ 'ਤੇ ਦਿੱਤੇ ਧਰਨੇ 'ਚ ਇਮਾਨ ਸਿੰਘ ਮਾਨ ਅਤੇ ਪੰਜਾਬ ਤੋਂ ਆਏ ਵੱਡੀ ਗਿਣਤੀ ਸਿੱਖ ਵੀ ਹਾਜ਼ਰ ਸਨ। ਆਪਣੇ ਸੰਬੋਧਨ 'ਚ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਦੇ ਕਈ ਸੂਬਿਆਂ 'ਚ ਕਾਨੂੰਨ ਦੀ ਦੁਰਵਰਤੋਂ ਕਰਦਿਆਂ ਘੱਟ ਗਿਣਤੀ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਕੇ 25-25 ਸਾਲਾਂ ਤੋਂ ਜਬਰੀ ਬੰਦੀ ਬਣਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਸੰਵਿਧਾਨ ਦੀ ਧਾਰਾ 72 ਤਹਿਤ ਜੇਲ੍ਹਾਂ ਵਿੱਚ ਬੰਦ ਕਿਸੇ ਵੀ ਕੈਦੀ ਦੀ ਸਜ਼ਾ ਘਟਾ, ਸਜ਼ਾ ਬਦਲ ਸਕਦੇ ਹਨ ਜਾਂ ਮੁਆਫ਼ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 2011 ਨੂੰ ਹੋਣੀਆਂ ਚਾਹੀਦੀਆਂ ਸਨ ਪਰ ਉਹ ਵੀ ਲਟਕੀਆਂ ਪਈਆਂ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਮੁਖੀ ਨੇ ਛੱਤੀਸਿੰਘਪੁਰਾ 'ਚ 43 ਬੇਕਸੂਰ ਸਿੱਖਾਂ ਦੀ ਹੱਤਿਆ ਦੇ ਮਾਮਲੇ ਦੀ ਕੌਮੀ ਜਾਂ ਕੌਮਾਂਤਰੀ ਪੱਧਰ 'ਤੇ ਜਾਂਚ ਕਰਾਉਣ ਦੀ ਵੀ ਮੰਗ ਕੀਤੀ ਹੈ। ਪਾਰਟੀ ਦੇ ਯੂਥ ਵਿੰਗ ਦੇ ਸਰਪ੍ਰਸਤ ਇਮਾਨ ਸਿੰਘ ਮਾਨ ਨੇ ਕਿਹਾ ਕਿ ਦਿੱਲੀ



ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਪਵਿੱਤਰ ਸਥਾਨ ਹੈ ਜਿਨ੍ਹਾਂ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਮੁਗਲਾਂ ਦਾ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਕਿ ਸਿੱਖਾਂ ਨਾਲ ਹੋ ਰਹੀ ਬੇਇਨਸਾਫ਼ੀ ਹੋ ਰਹੀ ਹੈ ਅਤੇ ਕੇਂਦਰ ਨੂੰ ਚਾਹੀਦਾ ਹੈ ਕਿ ਉਹ ਬੰਦੀ ਸਿੱਖਾਂ ਨੂੰ ਤੁਰੰਤ ਰਿਹਾਅ ਕਰੇ। ਉਨ੍ਹਾਂ ਕਿਹਾ ਕਿ ਦੇਸ਼ ਖਾਤਰ ਬਾਬਾ ਬਘੇਲ ਸਿੰਘ ਅਤੇ ਸਾਥੀਆਂ ਨੇ ਦਿੱਲੀ ਫਤਿਹ ਕੀਤੀ ਸੀ।

## ਲਾਅ ਸੁਸਾਇਟੀ ਵਲੋਂ ਸਰੀ ਦਾ ਵਕੀਲ ਗਰੇਵਾਲ ਦੋ ਮਹੀਨਿਆਂ ਲਈ ਮੁਅੱਤਲ

ਵਿਕਟੋਰੀਆ-ਲਾਅ ਸੁਸਾਇਟੀ ਆਫ ਬ੍ਰਿਟਿਸ਼ ਕੋਲੰਬੀਆ ਨੇ ਟ੍ਰਿਬਿਊਨਲ ਵਲੋਂ ਇਹ ਪਾਏ ਜਾਣ ਕਿ ਸਰੀ ਦੇ ਲਾਇਰ ਸੇਰਫ ਗਰੇਵਾਲ ਨੇ ਕਲਾਇੰਟ ਟਰੱਸਟ ਫੰਡਸ ਦੇ 42000 ਡਾਲਰ ਤੋਂ ਵੀ ਥੋੜੀ ਵੱਧ ਰਕਮ ਦੇ ਅਣਜਾਣੇ ਵਿਚ ਘਾਲਾ ਮਾਲਾ ਕਰਕੇ ਪੇਸ਼ੇਵਰ ਦੁਰਵਿਵਹਾਰ ਕੀਤਾ ਹੈ ਪਿੱਛੋਂ ਉਸ ਨੂੰ 2 ਅਗਸਤ ਤੋਂ 2 ਮਹੀਨਿਆਂ ਲਈ ਮੁਅੱਤਲ ਕਰ ਦਿੱਤਾ ਹੈ। ਪੈਨਲ ਨੇ ਸਿੱਟਾ ਕੱਢਿਆ ਕਿ ਗਰੇਵਾਲ ਨੇ ਰਿਪੋਰਟਿੰਗ ਸ਼ਰਤਾਂ ਨਾਲ ਸਬੰਧਤ ਲਾਅ ਸੁਸਾਇਟੀ ਦੇ ਨਿਯਮਾਂ ਦੀ ਵੀ ਉਲੰਘਣਾ ਕੀਤੀ ਹੈ।

## ਸਰੀ ਕੌਂਸਲ ਵਲੋਂ ਮੀਟਿੰਗ ਤੋਂ ਵਰਜਿਤ ਕੀਤੇ 7 ਵਿਅਕਤੀਆਂ ਤੋਂ ਮੁਆਫੀ ਮੰਗਣ ਤੋਂ ਇਨਕਾਰ

ਸਰੀ-ਸਰੀ ਦੇ 7 ਵਾਸੀ ਜਿਨ੍ਹਾਂ ਨੂੰ ਪਿਛਲੇ ਸਾਲ ਸੇਫ ਸਰੀ ਕੁਲੀਸ਼ਨ ਬਹੁਮਤ ਵਲੋਂ ਕੌਂਸਲ ਦੇ ਚੈਂਬਰਜ਼ ਤੋਂ ਰੋਕ ਦਿੱਤਾ ਗਿਆ ਸੀ ਤੋਂ ਕੋਈ ਮੁਆਫੀ ਨਹੀਂ ਮੰਗੀ ਜਾਵੇਗੀ, ਭਾਵੇਂ ਉਨ੍ਹਾਂ ਨੂੰ ਕੌਂਸਲ ਦੀਆਂ ਕਾਰਵਾਈਆਂ ਦੇ ਨਤੀਜੇ ਵਜੋਂ ਕੋਈ ਠੇਸ ਪੁੱਜਣ ਦਾ ਅਨੁਭਵ ਹੋਇਆ ਹੋਵੇ। ਇਸ ਕਾਰਵਾਈ ਨੂੰ ਬਾਅਦ ਵਿਚ ਕੌਂਸਲ ਨੇ ਰੱਦ ਕਰ ਦਿੱਤਾ ਸੀ। ਸਰੀ ਕੁਨੈਕਟ ਲਈ ਮੇਅਰ ਦੇ ਅਹੁਦੇ ਦੀ ਉਮੀਦਵਾਰ ਕੌਂਸਲਰ ਬਰੇਂਡਾ ਲੋਕੇ ਨੇ ਬਾਅਦ ਦੁਪਹਿਰ ਕੌਂਸਲ ਦੀ ਵਿਸ਼ੇਸ਼ ਮੀਟਿੰਗ ਦੌਰਾਨ ਅਸਫਲ ਮਤਾ ਪੇਸ਼ ਕੀਤਾ। ਉਸ ਨੇ ਕਿਹਾ ਕਿ ਉਸ ਦਾ ਕੌਂਸਲ ਲਈ ਇਰਾਦਾ ਹੈ ਕਿ ਕੌਂਸਲ ਦੇ ਮਤੇ ਕਾਰਨ ਹੋਈ ਪੀੜਾ ਲਈ ਰਸਮੀ ਮੁਆਫੀ ਦੀ ਪੇਸ਼ਕਸ਼ ਕੀਤੀ ਜਾਵੇ। ਪਿਛਲੇ ਸਾਲ ਕੌਂਸਲ ਬਹੁਗਿਣਤੀ ਨੇ ਸਰੀ ਦੇ ਮੈਂਬਰਾਂ ਇਵਾਨ ਸਕੌਟ, ਮਰਲੇ ਸਕੌਟ, ਐਨੀ ਕੈਪਸ, ਡੇਬ ਜੋਹਨਸਟੋਨ, ਕੋਲਿਨ ਪ੍ਰੋਗਰਸ ਲਿੰਡਾ ਯਪੇਨਬਰਗ ਅਤੇ ਮਰਲਿਨ ਸਮਿਥ ਨੂੰ ਕੌਂਸਿਲ ਦੀਆਂ ਮੀਟਿੰਗਾਂ ਵਿਚ ਆ ਕੇ ਹਿਸਾ ਲੈਣ ਦੀ ਮਨਾਹੀ ਕਰ ਦਿੱਤੀ ਸੀ। ਲੋਕੇ ਦਾ ਮਤਾ ਅਸਫਲ ਹੋ ਗਿਆ। ਮੇਅਰ ਡੱਗ ਮੈਕਲਮ ਅਤੇ ਕੌਂਸਲਰਾਂ ਐਲੀਸਨ ਪੈਟਨ, ਲੌਰੀ ਗੁਏਰਾ, ਡੱਗ ਐਲਫੋਰਡ ਅਤੇ ਮਨਦੀਪ ਨਾਗਰਾ ਨੇ ਇਸ ਦੇ ਵਿਰੋਧ ਵਿਚ ਅਤੇ ਸਟੀਵਨ ਪੈਟੀਗਰਿਊ, ਜੈਕ ਹੁੰਦਲ, ਲਿੰਡਾ ਐਨਿਸ ਅਤੇ ਲੋਕ ਨੇ ਮਤੇ ਦੇ ਪੱਖ ਵਿਚ ਵੋਟ ਪਾਈ।

## ਵੈਨਕੂਵਰ ਦੇ ਵਿਅਕਤੀ 'ਤੇ ਕੰਬੋਡੀਆ ਵਿਚ ਬੱਚਿਆਂ ਦਾ ਜਿਣਸੀ ਸ਼ੋਸ਼ਣ ਕਰਨ ਦਾ ਦੋਸ਼

ਨਾਮ ਪੇਨ-ਏਸ਼ੀਆ ਵਿਚ ਕੰਮ ਕਰਨ ਵਾਲੇ ਵੈਨਕੂਵਰ ਦੇ ਇਕ ਸ਼ੈੱਫ 'ਤੇ 8 ਤੋਂ 12 ਸਾਲ ਦੇ 8 ਕੰਬੋਡੀਅਨ ਬੱਚਿਆਂ 'ਤੇ ਜਿਣਸੀ ਹਮਲੇ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਪੇਂਡੂ ਪਰਿਵਾਰਾਂ ਵਲੋਂ 43 ਸਾਲਾ ਐਂਡਰਿਊ ਡੇਵਿਡ ਆਇਰੇ ਖਿਲਾਫ ਸ਼ਿਕਾਇਤਾਂ ਕਰਨ ਪਿੱਛੋਂ ਉਸ ਨੂੰ ਪਿਛਲੇ ਹਫ਼ਤੇ ਗ੍ਰਿਫ਼ਤਾਰ ਕਰ ਲਿਆ ਸੀ। ਇਕ ਸਥਾਨਕ ਚੈਰਿਟੀ ਕੰਬੋਡੀਅਨ ਚਿਲਡਰਨ ਫੰਡ ਨੇ ਇਕ ਨਿਊਜ਼ ਰਿਲੀਜ਼ ਵਿਚ ਦੱਸਿਆ ਕਿ ਕੈਂਡਲ ਸੂਬੇ ਵਿਚ ਵਿਚ ਕੈਨੇਡੀਅਨ ਨੇ ਛੋਟੇ ਭਾਈਚਾਰਿਆਂ ਵਿਚ ਬੱਚਿਆਂ ਦੀ ਜਾਂਚ ਕਰਨ ਲਈ ਆਪਣੇ ਆਪ ਨੂੰ ਇਕ ਡਾਕਟਰ ਵਜੋਂ ਪੇਸ਼ ਕੀਤਾ ਸੀ। ਸ਼ੱਕੀ ਦੋਸ਼ੀ ਜੁਲਾਈ ਵਿਚ ਆਪਣੀ ਮੋਟਰ ਬਾਈਕ 'ਤੇ ਪਹਿਲੀ ਵਾਰ ਪਿੰਡ ਵਿਚ ਪੁੱਜਾ ਸੀ। ਲੋਕਾਂ ਨੇ ਉਸ ਨੂੰ ਜਾਂਚ ਦੌਰਾਨ ਅਣਉਚਿੱਤ ਤਰੀਕੇ ਨਾਲ ਬੱਚਿਆ ਨੂੰ ਛੂੰਹਦੇ ਹੋਏ ਦੇਖਿਆ ਜਿਸ ਨਾਲ ਪਿੰਡ ਦੇ ਲੋਕਾਂ ਵਿਚ ਚਿੰਤਾ ਪੈਦਾ ਹੋ ਗਈ। ਜਦੋਂ ਉਸ ਨੇ ਫਿਰ ਪਿੰਡ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਪਿੰਡ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਇਸ ਵਿਅਕਤੀਆਂ ਦੀ ਹਰਕਤਾਂ ਦੀ ਪੁਲਿਸ ਨੂੰ ਜਾਣਕਾਰੀ ਦਿੱਤੀ ਗਈ। ਪੁਲਿਸ ਨੇ ਜਾਂਚ ਪਿੱਛੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਚੈਰਿਟੀ ਨੇ ਕੰਬੋਡੀਅਨ ਨੈਸ਼ਨਲ ਪੁਲਿਸ ਦੀ ਜਾਂਚ ਵਿਚ ਮਦਦ ਕੀਤੀ ਹੈ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping



Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC



CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"



REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਕਾਮਨਵੈਲਥ ਖੇਡਾਂ ਵਿਚ ਕੈਨੇਡਾ ਦੇ ਸਿੰਘਾਂ ਨੇ ਗੱਡੇ ਜਿੱਤ ਦੇ ਝੰਡੇ

## ਕੈਨੇਡਾ ਪੁੱਜਣ 'ਤੇ ਜੇਤੂ ਪਹਿਲਵਾਨਾਂ ਦਾ ਦਸਤਾਰਾਂ ਸਜਾ ਕੇ ਸ਼ਾਨਦਾਰ ਸਵਾਗਤ

ਡਾ ਗੁਰਵਿੰਦਰ ਸਿੰਘ, ਕੈਨੇਡਾ

• ਖ਼ਾਲਸਾ ਰੈਸਲਿੰਗ ਕਲੱਬ ਦੇ ਅਮਰਵੀਰ ਸਿੰਘ ਢੇਸੀ, ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਦੇ ਨਿਸ਼ਾਨ ਪ੍ਰੀਤ ਸਿੰਘ ਰੰਧਾਵਾ ਅਤੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਜਸਮੀਤ ਸਿੰਘ ਫੂਲਕਾ ਨੇ ਤਮਗੇ ਜਿੱਤੇ • ਵਿਨੀਪੈੱਗ ਦੀ ਪੰਜਾਬਣ ਪ੍ਰਿਯੰਕਾ ਢਿੱਲੋਂ ਨੇ ਬਾਕਸਿੰਗ ਵਿੱਚ ਮੈਡਲ ਜਿੱਤਿਆ






ਬ੍ਰਿਟਿਸ਼ ਸਾਮਰਾਜ ਦੀਆਂ ਬਸਤੀਆਂ ਬਣ ਕੇ ਕਿਸੇ ਸਮੇਂ ਗੁਲਾਮੀ ਦਾ ਦੁੱਖ ਭੋਗਣ ਵਾਲੇ ਸਮੂਹ ਰਾਸ਼ਟਰਮੰਡਲ ਦੇਸ਼ਾਂ ਵਲੋਂ, ਗੁਲਾਮੀ ਦੀਆਂ ਜ਼ੰਜੀਰਾਂ ਤੋੜਦਿਆਂ ਕਾਮਨਵੈਲਥ ਖੇਡਾਂ ਕਰਵਾਈਆਂ ਜਾਂਦੀਆਂ ਹਨ। ਇਸ ਵਰ੍ਹੇ ਇੰਗਲੈਂਡ ਦੇ ਬਰਮਿੰਘਮ ਸ਼ਹਿਰ ਵਿਚ ਹੋਈਆਂ ਇਹਨਾਂ ਖੇਡਾਂ ਦੌਰਾਨ ਕੈਨੇਡਾ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ 92 ਤਮਗੇ ਜਿੱਤੇ, ਜਿਨ੍ਹਾਂ 'ਚ 26 ਸੋਨੇ ਦੇ, 32 ਚਾਂਦੀ ਦੇ ਅਤੇ 34 ਕਾਂਸੀ ਦੇ ਤਮਗੇ ਸ਼ਾਮਿਲ ਹਨ। ਵਿਸ਼ਵ ਪੰਜਾਬੀ ਭਾਈਚਾਰੇ ਲਈ ਸਨਮਾਨ ਵਾਲੀ ਗੱਲ ਹੈ ਕਿ ਕੈਨੇਡਾ ਵਲੋਂ ਕੁਸ਼ਤੀ ਮੁਕਾਬਲਿਆਂ ਚ ਹਿੱਸਾ ਲੈਣ ਵਾਲੇ ਖ਼ਾਲਸਾ ਰੈਸਲਿੰਗ ਕਲੱਬ ਦੇ ਅਮਰਵੀਰ ਸਿੰਘ ਢੇਸੀ, ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਦੇ ਨਿਸ਼ਾਨ ਪ੍ਰੀਤ ਸਿੰਘ ਰੰਧਾਵਾ ਅਤੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਜਸਮੀਤ ਸਿੰਘ ਫੂਲਕਾ ਨੇ ਮੈਡਲ ਜਿੱਤ ਕੇ, ਬੁਲੰਦੀ ਹਾਸਲ ਕੀਤੀ ਹੈ। ਕੈਨੇਡਾ ਦੀ ਪੰਜਾਬਣ ਪ੍ਰਿਅੰਕਾ ਢਿੱਲੋਂ ਨੇ ਬਾਕਸਿੰਗ ਵਿੱਚ ਕਾਂਸੀ ਦਾ ਮੈਡਲ ਜਿੱਤ ਕੇ ਇਨ੍ਹਾਂ ਪ੍ਰਾਪਤੀਆਂ ਨੂੰ ਹੋਰ ਵੀ ਚਾਰ ਚੰਨ ਲਾਏ ਹਨ।

ਕੈਨੇਡਾ ਵਲੋਂ ਕਾਮਨਵੈਲਥ ਖੇਡਾਂ ਵਿੱਚ ਸ਼ਾਨਦਾਰ ਜਿੱਤਾਂ ਹਾਸਲ ਕਰਨ ਵਾਲੇ ਸਿੱਖ ਨੌਜਵਾਨਾਂ ਦਾ ਵੈਨਕੂਵਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਨ੍ਹਾਂ ਸਿੱਖ ਪਹਿਲਵਾਨਾਂ ਨੇ ਦਸਤਾਰਾਂ ਸਜਾ ਕੇ ਨਾ ਸਿਰਫ਼ ਆਪਣੀ ਵਿਲੱਖਣ ਪਛਾਣ ਅਤੇ ਸ਼ਾਨ ਨੂੰ ਸੁਨਹਿਰੀ ਮਾਣ ਦਿੱਤਾ, ਬਲਕਿ ਹੋਰਨਾਂ ਲਈ ਵੀ ਪ੍ਰੇਰਨਾ ਸਰੋਤ ਹੋ ਨਿਬੜੇ। ਕਾਮਨਵੈਲਥ ਖੇਡਾਂ 'ਚ ਸਮਾਪਤੀ ਸਮਾਰੋਹ ਦੌਰਾਨ ਵੀ ਅਜਿਹਾ ਪ੍ਰਭਾਵ ਸਿਰਜਿਆ ਗਿਆ। ਗੋਲਡ ਮੈਡਲ ਜਿੱਤਣ ਵਾਲੇ ਕੈਨੇਡਾ ਦੇ ਪਹਿਲਵਾਨ ਅਮਰਵੀਰ ਸਿੰਘ ਢੇਸੀ ਖ਼ਾਲਸਾ ਰੈਸਲਿੰਗ ਕਲੱਬ ਸਰੀ, ਨਿਸ਼ਾਨ ਪ੍ਰੀਤ ਸਿੰਘ ਰੰਧਾਵਾ ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜਾ ਐਬਸਫੋਰਡ ਅਤੇ ਕਾਂਸੀ ਦਾ ਮੈਡਲ ਜਿੱਤਣ ਵਾਲੇ ਜਸਮੀਤ ਸਿੰਘ ਫੂਲਕਾ ਮੀਰੀ ਪੀਰੀ ਰੈਸਲਿੰਗ ਕਲੱਬ ਐਬਟਸਫੋਰਡ ਨੂੰ ਜੀ ਆਇਆਂ ਆਖਦੇ ਹੋਏ, ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ 'ਤੇ ਇਕੱਠੇ ਹੋਏ ਭਾਈਚਾਰੇ ਦੀਆਂ ਖ਼ੁਸ਼ੀਆਂ ਦਾ ਕੋਈ ਪਾਰਾਵਾਰ ਨਹੀਂ ਸੀ।






ਕਾਮਨਵੈਲਥ ਖੇਡ ਵਿੱਚ ਕੁਸ਼ਤੀ ਮੁਕਾਬਲਿਆਂ ਦੌਰਾਨ ਕੈਨੇਡਾ ਦੇ ਖਾਲਸਾ ਰੈਸਲਿੰਗ ਕਲੱਬ ਦੇ ਪਹਿਲਵਾਨ ਅਮਰਵੀਰ ਸਿੰਘ ਢੇਸੀ ਨੇ 125 ਕਿਲੋ ਭਾਰ ਵਰਗ 'ਚ ਗੋਲਡ ਮੈਡਲ ਜਿੱਤ ਕੇ ਰੱਖ ਵਿਖਾਈ ਹੈ। ਬੇਹੱਦ ਦਿਲਚਸਪ ਮੁਕਾਬਲਿਆਂ ਵਿੱਚ ਅਮਰਵੀਰ ਸਿੰਘ ਢੇਸੀ ਨੇ ਪਹਿਲਾਂ ਭਾਰਤੀ ਪਹਿਲਵਾਨ ਮੋਹਿਤ ਗਰੇਵਾਲ ਨੂੰ ਸੈਮੀ ਫਾਈਨਲ ਹਰਾਇਆ ਅਤੇ ਫਾਈਨਲ ਵਿੱਚ ਪਾਕਿਸਤਾਨੀ ਪਹਿਲਵਾਨ ਜ਼ਮਾਨ ਅਨਵਰ ਨੂੰ ਹਰਾ ਕੇ ਸੋਨੇ ਦਾ ਤਮਗਾ ਕੈਨੇਡਾ ਲਈ ਜਿੱਤਿਆ ਹੈ। ਰਾਸ਼ਟਰ ਮੰਡਲ ਖੇਡਾਂ ਚ ਅਮਰਵੀਰ ਸਿੰਘ ਢੇਸੀ ਨੇ ਸ਼ਾਨਦਾਰ ਜਿੱਤ ਹਾਸਲ ਕਰਦਿਆਂ

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

ਆਪਣੇ ਪਿਤਾ ਸ਼ੀਰੀ ਪਹਿਲਵਾਨ ਬਲਬੀਰ ਸਿੰਘ ਢੇਸੀ ਦੇ ਨਾਂ ਨੂੰ ਚਾਰ ਚੰਨ ਲੱਗ ਗਏ ਹਨ, ਜਿਨ੍ਹਾਂ ਨੇ ਅਨੇਕਾਂ ਪਹਿਲਵਾਨਾਂ ਨੂੰ ਥਾਪੜਾ ਦੇ ਕੇ ਜਿੱਤਣ ਦੇ ਕਾਬਲ ਬਣਾਇਆ ਹੈ। ਬਲਵੀਰ ਸਿੰਘ ਢੇਸੀ ਉਰਫ ਸ਼ੀਰੀ ਪਹਿਲਵਾਨ ਦਾ ਪੰਜਾਬ ਤੋਂ ਪਿਛਲਾ ਪਿੰਡ ਜ਼ਿਲ੍ਹਾ ਜਲੰਧਰ ਵਿੱਚ ਆਦਮਪੁਰ ਦਿੱਲੀ ਸੰਗਵਾਲ ਹੈ। ਆਪ ਨੇ ਕੈਨੇਡਾ ਆ ਕੇ ਪਹਿਲਵਾਨਾਂ ਨੂੰ ਉਤਸ਼ਾਹਤ ਕੀਤਾ ਅਤੇ ਸਰੀ 'ਚ ਖਾਲਸਾ ਰੈਸਲਿੰਗ ਕਲੱਬ ਦੀ ਸਥਾਪਨਾ 1976 'ਚ ਕੀਤੀ। ਹੁਣ ਤਕ ਅਨੇਕਾਂ ਵਾਰ ਖ਼ਾਲਸਾ ਰੈਸਲਿੰਗ ਕਲੱਬ ਸ਼ਾਨਦਾਰ ਪ੍ਰਾਪਤੀਆਂ ਕਰ ਚੁੱਕਿਆ ਹੈ।

ਇਨ੍ਹਾਂ ਪ੍ਰਾਪਤੀਆਂ ਦੀ ਲੜੀ ਵਿੱਚ ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ, ਐਬਟਸਫੋਰਡ ਦੇ ਪਹਿਲਵਾਨ ਨਿਸ਼ਾਨਪ੍ਰੀਤ ਸਿੰਘ ਰੰਧਾਵਾ 97 ਕਿਲੋਗ੍ਰਾਮ ਵਰਗ ਵਿੱਚ ਰਾਸ਼ਟਰਮੰਡਲ ਕੁਸ਼ਤੀ ਮੁਕਾਬਲਿਆਂ ਵਿਚ, ਦੱਖਣੀ ਅਫ਼ਰੀਕਾ ਦੇ ਪਹਿਲਵਾਨ ਨੂੰ ਫਾਈਨਲ ਵਿੱਚ ਹਰਾ ਕੇ, ਕੈਨੇਡਾ ਲਈ ਗੋਲਡ ਮੈਡਲ ਜਿੱਤਿਆ ਹੈ। ਨਿਸ਼ਾਨ ਪ੍ਰੀਤ ਸਿੰਘ ਨੇ ਇਸ ਤੋਂ ਪਹਿਲੇ ਮੁੱਢਲੇ ਮੈਚਾਂ 'ਚ ਪਾਕਿਸਤਾਨ ਅਤੇ ਭਾਰਤ ਦੇ ਪਹਿਲਵਾਨਾਂ ਨੂੰ ਹਰਾਇਆ। ਐਬਟਸਫੋਰਡ ਵਾਸੀ ਗੁਰਜੀਤ ਸਿੰਘ ਰੰਧਾਵਾ ਅਤੇ ਕੁਲਵੰਤ ਕੌਰ ਰੰਧਾਵਾ ਦਾ ਹੋਣਹਾਰ ਸਪੁੱਤਰ ਅਤੇ ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਦੇ ਬਾਨੀ ਪਹਿਲਵਾਨ ਬੂਟਾ ਸਿੰਘ ਢੀਂਡਸਾ ਦਾ ਭਾਣਜਾ ਨਿਸ਼ਾਨ ਰੰਧਾਵਾ ਇਸ ਤੋਂ ਪਹਿਲਾਂ ਵੀ ਵਿਸ਼ਵ ਪੱਧਰੀ ਟੂਰਨਾਮੈਂਟਾਂ ਵਿੱਚ ਕਈ ਮੈਡਲ ਜਿੱਤ ਚੁੱਕਿਆ ਹੈ, ਜਦਕਿ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਮੁਕਾਬਲਿਆਂ ਵਿੱਚ ਤਿੰਨ ਵਾਰ ਜੇਤੂ ਰਿਹਾ ਹੈ। ਉਹ ਅੱਠਵੀਂ ਤੋਂ ਬਾਰ੍ਹਵੀਂ ਜਮਾਤ ਤਕ ਬੀਸੀ ਰੈਸਲਿੰਗ ਚੈਂਪੀਅਨਸ਼ਿਪ ਦਾ ਜੇਤੂ ਰਿਹਾ, ਜਦਕਿ ਸਪੇਨ, ਕਿਊਬਾ ਅਤੇ ਹੋਰਨਾਂ ਵੱਖ-ਵੱਖ ਥਾਵਾਂ 'ਤੇ ਸਫਲ ਰਿਹਾ। ਪੰਜਾਬ ਤੋਂ ਜ਼ਿਲ੍ਹਾ



ਕਪੂਰਥਲਾ ਦੇ ਪਿੰਡ ਬਟਾਲਾ ਸਾਇੰਸ ਸਿਟੀ ਨਾਲ ਸੰਬੰਧਤ ਨਿਸ਼ਾਨਪ੍ਰੀਤ ਸਿੰਘ ਰੰਧਾਵਾ ਨੇ ਰਾਸ਼ਟਰਮੰਡਲ ਖੇਡਾਂ ਵਿੱਚ ਜਿੱਤ ਹਾਸਿਲ ਕਰਕੇ ਕੈਨੇਡਾ ਦੇਸ਼ ਤੇ ਸਿੱਖ ਕੌਮ ਦਾ ਨਾਂ ਰੌਸ਼ਨ ਕੀਤਾ ਹੈ।

ਹੋਰ ਮਾਣ ਵਾਲੀ ਗੱਲ ਹੈ ਕਿ ਮੀਰੀ ਪੀਰੀ ਰੈਸਲਿੰਗ ਕਲੱਬ ਐਬਟਸਫੋਰਡ ਦੇ ਹੋਣਹਾਰ ਪਹਿਲਵਾਨ ਜਸਮੀਤ ਸਿੰਘ ਫੂਲਕਾ ਨੇ 74 ਕਿਲੋਗ੍ਰਾਮ ਵਰਗ ਵਿੱਚ ਬਰਮਿੰਘਮ ਖੇਡਾਂ ਵਿੱਚ ਕਾਂਸੀ ਦਾ ਤਮਗਾ ਜਿੱਤ ਕੇ ਸਮੂਹ ਕੈਨੇਡੀਅਨ ਭਾਈਚਾਰੇ ਅਤੇ ਸਿੱਖ ਕੌਮ ਦਾ ਮਾਣ ਵਧਾਇਆ ਹੈ। ਹਰਜੀਤ ਸਿੰਘ ਫੂਲਕਾ ਦੇ ਸਪੁੱਤਰ ਜਸਮੀਤ ਸਿੰਘ ਫੂਲਕਾ ਕਾਮਨਵੈਲਥ ਖੇਡਾਂ ਵਿਚ ਮੰਜ਼ਿਲਾਂ ਤੈਅ ਕਰ ਕੇ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣਿਆ ਹੈ। ਕੈਨੇਡਾ ਦੇ ਜੰਮਪਲ ਜਸਮੀਤ ਸਿੰਘ ਦੇ ਪਿਤਾ ਹਰਜੀਤ ਸਿੰਘ ਫੂਲਕਾ ਦਾ ਜੱਦੀ ਪਿੰਡ ਜ਼ਿਲ੍ਹਾ ਹੁਸ਼ਿਆਰਪੁਰ ਸਥਿਤ ਖੱਖਾਂ ਹੈ ਅਤੇ ਫੂਲਕਾ ਪਰਿਵਾਰ ਨੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਬੈਨਰ ਹੇਠ ਆਪਣੇ ਬੱਚਿਆਂ ਨੂੰ ਉੱਚੀਆਂ ਮੰਜ਼ਿਲਾਂ ਤੱਕ ਲਿਜਾਣ ਵਿਚ ਵਧੀਆ ਭੂਮਿਕਾ ਨਿਭਾਈ ਹੈ।

ਕਾਮਨਵੈਲਥ ਖੇਡਾਂ ਵਿਚ ਵਿਨੀਪੈੱਗ ਦੀ ਹੋਣਹਾਰ ਪੰਜਾਬਣ ਪ੍ਰਿਯੰਕਾ ਢਿੱਲੋਂ ਨੇ ਬਾਕਸਿੰਗ ਵਿੱਚ ਕਾਂਸੀ ਦਾ ਮੈਡਲ ਜਿੱਤ ਕੇ ਸਮੂਹ ਕੈਨੇਡੀਅਨ ਅਤੇ ਵਿਸ਼ੇਸ਼ ਕਰ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਆਰਥਿਕ ਚੁਣੌਤੀਆਂ ਅਤੇ ਲੰਮੇ ਸੰਘਰਸ਼ ਬਾਅਦ ਇਸ ਮੁਕਾਮ 'ਤੇ ਪਹੁੰਚੀ ਪ੍ਰਿਯੰਕਾ ਢਿੱਲੋਂ ਦੀ ਜਿੱਤ ਇਤਿਹਾਸਕ ਹੈ ਅਤੇ ਪੰਜਾਬੀ ਭਾਈਚਾਰੇ ਦਾ ਸਿਰ ਫਖਰ ਨਾਲ ਉੱਚਾ ਕਰਦੀ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ ਵੱਲੋਂ ਕੁੱਲ ਛੇ ਪਹਿਲਵਾਨ ਘੁਲੇ ਸਨ, ਜਿਨ੍ਹਾਂ 'ਚੋਂ ਤਿੰਨ ਸਿੱਖ ਭਾਈਚਾਰੇ ਨਾਲ ਸਬੰਧ ਸਨ ਅਤੇ ਤਿੰਨਾਂ ਨੇ ਹੀ ਮੈਡਲ ਜਿੱਤੇ ਹਨ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਜਿਹੜਾ ਮੁੱਖ- ਧਾਰਾ ਦਾ ਮੀਡੀਆ ਪੰਜਾਬੀ ਨੌਜਵਾਨਾਂ ਬਾਰੇ ਕੇਵਲ ਤੇ ਕੇਵਲ ਡਰੱਗ ਅਤੇ ਹਿੰਸਾ ਦੀਆਂ ਖ਼ਬਰਾਂ ਦਿੰਦਾ ਹੈ, ਕੀ ਉਹ ਇੰਨ੍ਹਾਂ ਪ੍ਰਾਪਤੀਆਂ ਬਾਰੇ ਵੀ ਜ਼ਿਕਰ ਕਰੇਗਾ? ਖ਼ਾਸ ਤੌਰ 'ਤੇ ਇੰਡੀਅਨ ਮੀਡੀਏ ਦਾ ਅਜਿਹਾ ਦਰਬਾਰੀ ਵਰਗ, ਜਿਹੜਾ ਵਿਦੇਸ਼ਾਂ ਚ ਵੱਸਦੇ ਪੰਜਾਬੀਆਂ ਨੂੰ ਬਦਨਾਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡਦਾ, ਕੀ ਇਨ੍ਹਾਂ ਜਿੱਤਾਂ ਦੀ ਵੀ ਚਰਚਾ ਕਰੇਗਾ? ਇਨ੍ਹਾਂ ਸਵਾਲਾਂ ਦਾ ਜਵਾਬ ਨਾਂਹ ਵਿੱਚ ਹੀ ਮਿਲਦਾ ਹੈ। ਦਰਅਸਲ ਇਨ੍ਹਾਂ ਪ੍ਰਾਪਤੀਆਂ ਬਾਰੇ ਗੋਦੀ ਮੀਡੀਆਕਰਮੀ ਮੌਕਾਪ੍ਰਸਤਾਂ ਦੀਆਂ ਕਲਮਾਂ ਖੁੰਢੀਆਂ ਹੋ ਜਾਂਦੀਆਂ ਹਨ। ਖ਼ਾਲਸਾ ਰੈਸਲਿੰਗ ਕਲੱਬ ਦੇ ਅਮਰਵੀਰ ਸਿੰਘ ਢੇਸੀ, ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਦੇ ਨਿਸ਼ਾਨ ਪ੍ਰੀਤ ਸਿੰਘ ਰੰਧਾਵਾ ਅਤੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਜਸਮੀਤ ਸਿੰਘ ਫੂਲਕਾ ਦੇ ਕਲੱਬ/ਅਖਾੜੇ ਦੇ ਪ੍ਰਬੰਧਕ, ਕੋਚ ਅਤੇ ਪਰਿਵਾਰ ਵਧਾਈ ਦੇ ਪਾਤਰ ਹਨ। ਕੌਮਾਂਤਰੀ ਪੱਧਰ 'ਤੇ ਸਿੱਖ ਕੌਮ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਵਿੱਚ ਮੱਲ ਅਖਾੜਿਆਂ ਦੇ ਨਾਂ ਗੁਰੂ ਸਾਹਿਬਾਨ ਅਤੇ ਸਿੱਖ ਵਿਰਾਸਤ ਨੂੰ ਸਮਰਪਿਤ ਹਨ, ਜਿਵੇਂ ਕਿ ਮੀਰੀ ਪੀਰੀ ਰੈਸਲਿੰਗ ਕਲੱਬ, ਖਾਲਸਾ ਰੈਸਲਿੰਗ ਕਲੱਬ, ਗੁਰੂ ਗੋਬਿੰਦ ਸਿੰਘ ਅਖਾੜਾ, ਸ਼ਹੀਦ ਭਾਈ ਭੁਪਿੰਦਰ ਸਿੰਘ ਅਖਾੜਾ ਆਦਿ। ਇਨ੍ਹਾਂ ਅਖਾੜਿਆਂ ਦੇ ਪਹਿਲਵਾਨਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਪਿਛਲੇ ਕਈ ਦਹਾਕਿਆਂ ਤੋਂ ਸ਼ਾਨਦਾਰ ਜਿੱਤਾਂ ਦਰਜ ਕੀਤੀਆਂ ਹਨ। ਖਾਲਸਾ ਰੈਸਲਿੰਗ ਕਲੱਬ, ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਅਤੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਇਨ੍ਹਾਂ ਪਹਿਲਵਾਨਾਂ ਦੀ ਮਿਹਨਤ ਅਤੇ ਸਿਰੜ ਦੇ ਇਲਾਵਾ ਸਭ ਤੋਂ ਵੱਡੀ ਬਖਸ਼ਿਸ਼ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਅਤੇ ਖ਼ਾਲਸੇ ਦੇ ਸਿਰਜਕ ਦਸਮੇਸ਼ ਪਿਤਾ ਦਾ ਥਾਪੜਾ ਇਨ੍ਹਾਂ ਦੀ ਪਿੱਠ 'ਤੇ ਹੈ। ਇਨ੍ਹਾਂ ਅਖਾੜਿਆਂ ਦੇ ਪਹਿਲਵਾਨਾਂ ਦੀਆਂ ਪ੍ਰਾਪਤੀਆਂ ਨਾਲ ਨਾ ਸਿਰਫ਼ ਸਿੱਖ ਭਾਈਚਾਰੇ ਦਾ ਮਾਣ ਹੀ ਵਧੇਗਾ, ਬਲਕਿ ਭਟਕੇ ਹੋਏ ਨੌਜਵਾਨਾਂ ਨੂੰ ਵੀ ਸਹੀ ਦਿਸ਼ਾ ਮਿਲੇਗੀ।










# ਗੁਰਬਾਣੀ ਦੇ ਪ੍ਰਸਿੱਧ ਸੰਗੀਤਕਾਰ ਅਤੇ ਵਿਦਵਾਨ ਭਾਈ ਬਲਦੀਪ ਸਿੰਘ ਨਾਲ ਰੂਬਰੂ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਗੁਰਬਾਣੀ ਕੀਰਤਨ ਨੂੰ ਸਮਰਪਿਤ, ਅਨਾਦਿ ਫਾਊਂਡੇਸ਼ਨ ਦੇ ਚੇਅਰਮੈਨ ਅਤੇ ਉੱਘੇ ਸੰਗੀਤਕਾਰ ਭਾਈ ਬਲਦੀਪ ਸਿੰਘ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਕਰਵਾਏ ਇਸ ਪ੍ਰੋਗਰਾਮ ਵਿਚ ਭਾਈ ਬਲਦੀਪ ਸਿੰਘ ਨੇ ਪ੍ਰਮਾਣਿਕ, ਗੁਰੂ ਕਾਲ ਦੇ ਪਰੰਪਰਾਗਤ ਤੰਤੀਸਾਜ਼ਾਂ ਦੀ ਖੋਜ ਅਤੇ ਇਨ੍ਹਾਂ ਸਾਜ਼ਾਂ ਨੂੰ ਪੁਨਰ ਸੁਰਜੀਤ ਕਰਨ ਦਾ ਆਪਣਾ ਸਫ਼ਰ ਬਿਆਨ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਜਰਨੈਲ ਸਿੰਘ ਆਰਟਿਸਟ ਦੇ ਸਵਾਗਤੀ ਸ਼ਬਦਾਂ ਨਾਲ ਹੋਈ ਅਤੇ ਉਨ੍ਹਾਂ ਭਾਈ ਬਲਦੀਪ ਸਿੰਘ ਨਾਲ 30 ਸਾਲ ਪੁਰਾਣੀਆਂ ਯਾਦਾਂ ਸੰਖੇਪ ਵਿਚ ਸਾਂਝੀਆਂ ਕੀਤੀਆਂ। ਪ੍ਰਸਿੱਧ ਸ਼ਾਇਰ ਅਜਮੇਰ ਰੋਡੇ ਨੇ ਭਾਈ ਬਲਦੀਪ ਸਿੰਘ ਦੀ ਜਾਣ ਪਛਾਣ ਕਰਵਾਉਂਦਿਆਂ ਕਿਹਾ ਕਿ ਭਾਈ ਬਲਦੀਪ ਸਿੰਘ ਗੁਰਬਾਣੀ ਸੰਗੀਤ ਵਿੱਚ ਇੱਕ ਮਹਾਨ ਨਾਮ ਹੈ। ਉਹ ਸ਼ਾਸਤਰੀ ਅਤੇ ਸਮਕਾਲੀ ਭਾਰਤੀ ਸੰਗੀਤ, ਖਾਸ ਕਰਕੇ ਗੁਰਬਾਣੀ ਸੰਗੀਤ ਦਾ ਇੱਕ ਪ੍ਰਸਿੱਧ ਗਾਇਕ, ਸੰਗੀਤਕਾਰ, ਅਤੇ ਵਿਦਵਾਨ ਹੈ। ਤਾਰਾਂ ਦੇ ਸਾਜ਼ਾਂ ਦੀ ਪੁਨਰ ਸੁਰਜੀਤੀ ਅਤੇ ਦਸਤਕਾਰੀ ਵਿੱਚ ਉਸਦੀਆਂ ਪ੍ਰਾਪਤੀਆਂ ਵਿਲੱਖਣ ਹਨ ਅਤੇ ਉਸ ਦੇ ਯੋਗਦਾਨ ਨੂੰ ਸਿੱਖ ਸੰਗੀਤ ਤੋਂ ਵੀ ਅੱਗੇ ਲੈ ਜਾਂਦੀਆਂ ਹਨ। ਚੰਡੀਗੜ੍ਹ ਦੇ ਜੰਮਪਲ ਭਾਈ ਬਲਦੀਪ ਸਿੰਘ ਦੀ ਨਿਯੁਕਤੀ ਹਵਾਬਾਜ਼ੀ ਅਤੇ ਏਅਰਕ੍ਰਾਫਟ ਡਿਜ਼ਾਈਨ ਦੇ ਖੇਤਰ ਵਿਚ ਹੋ ਗਈ ਸੀ ਪਰ ਉਸਨੇ ਆਪਣੀ ਆਤਮਾ ਦੀ ਆਵਾਜ਼ ਸੁਣ ਕੇ ਸੰਗੀਤ ਵੱਲ ਜਾਣ ਦਾ ਫੈਸਲਾ ਕੀਤਾ। ਇਹ ਚੋਣ ਕੁਦਰਤੀ ਸੀ; ਕਿਉਂਕਿ, ਉਹ ਮਹਾਨ ਸਿੱਖ ਸੰਗੀਤਕਾਰਾਂ ਦੀ ਲੰਮੀ ਵੰਸ਼ ਦੀ 13ਵੀਂ ਪੀੜ੍ਹੀ ਨਾਲ ਸੰਬੰਧ ਰੱਖਦਾ ਹੈ। ਉਹ ਕੀਰਤਨੀਏ ਭਾਈ ਨਰੈਣ ਸਿੰਘ ਦੇ ਪੜਪੋਤੇ ਅਤੇ ਪ੍ਰਸਿੱਧ ਰਾਗੀ ਜਵਾਲਾ ਸਿੰਘ ਦੇ ਵੱਡੇ ਭਰਾ ਹਨ। ਭਾਈ ਸਧਾਰਣ ਤੋਂ ਲੈ ਕੇ ਭਾਈ ਬਲਦੀਪ ਸਿੰਘ ਤੱਕ ਸਾਰੇ ਨਾਮ ਸਥਾਪਿਤ ਸੰਗੀਤਕਾਰਾਂ ਵਿਚ ਸ਼ਾਮਲ ਹਨ। ਭਾਈ ਬਲਦੀਪ ਨੇ ਆਪਣਾ ਜੀਵਨ ਸੰਗੀਤ ਨੂੰ ਸਮਰਪਿਤ ਕਰਕੇ ਕੀਰਤਨ ਦੀ ਡੂੰਘੀ ਜਾਣਕਾਰੀ ਪ੍ਰਾਪਤ ਕਰਨ ਲਈ ਪੰਜਾਬ ਅਤੇ ਪਾਕਿਸਤਾਨ ਭਰ ਵਿੱਚ ਇੱਕ ਵਿਆਪਕ ਖੋਜ ਮਿਸ਼ਨ 'ਤੇ ਗਏ। ਕੇਵਲ ਸੰਗੀਤ ਹੀ ਨਹੀਂ, ਉਸਨੇ ਗੁਰਬਾਣੀ ਕੀਰਤਨ ਅਤੇ ਭਾਰਤੀ ਸ਼ਾਸਤਰੀ ਸੰਗੀਤ ਵਿੱਚ ਵਰਤੇ ਜਾਂਦੇ ਲੁਪਤ ਹੋ ਚੁੱਕੇ ਤਾਰਾਂ ਜਿਵੇਂ ਤਾਊਸ, ਸਾਰੰਦਾ, ਰਬਾਬ ਅਤੇ ਦਿਲਰੁਬਾ ਆਦਿ ਨੂੰ ਬਣਾਉਣਾ ਅਤੇ ਮੁੜ ਸੁਰਜੀਤ ਕਰਨਾ ਵੀ ਸਿੱਖਿਆ। ਗੁਰਬਾਣੀ ਸੰਗੀਤ ਦੀਆਂ ਵੱਖ-ਵੱਖ ਤਕਨੀਕਾਂ ਵਿੱਚ ਮੁਹਾਰਤ ਹਾਸਲ ਕਰਨ ਤੋਂ ਬਾਅਦ ਭਾਈ ਬਲਦੀਪ ਸਿੰਘ ਨੇ ਭਾਰਤ ਅਤੇ ਦੁਨੀਆ ਭਰ ਵਿੱਚ ਸੰਗੀਤਕ ਸਮਾਗਮਾਂ, ਲੈਕਚਰਾਂ, ਵਰਕਸ਼ਾਪਾਂ, ਸੈਮੀਨਾਰਾਂ ਦਾ ਪ੍ਰਬੰਧ ਕਰਕੇ ਕੀਰਤਨ ਕਲਾ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕੀਤਾ ਅਤੇ ਗੁਰਬਾਣੀ ਸੰਗੀਤ ਦੇ ਸਭ ਤੋਂ ਵੱਡੇ ਵਿਆਖਿਆਕਾਰ ਵਜੋਂ ਆਪਣੀ ਪਛਾਣ ਬਣਾਈ। ਉਸਨੇ ਸੰਗੀਤ ਨੂੰ ਉਤਸ਼ਾਹਿਤ ਕਰਨ ਲਈ ਬਹੁਤ ਸਾਰੀਆਂ ਸੰਸਥਾਵਾਂ ਦੀ ਸਥਾਪਨਾ ਕੀਤੀ। ਉਸਦੇ ਮਹਾਨ ਕਾਰਜਾਂ ਸਦਕਾ ਉਸਨੂੰ ਬਹੁਤ ਸਾਰੇ ਸਨਮਾਨਾਂ ਅਤੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਹੈ। ਉਹ ਖ਼ੁਦ ਇੱਕ ਨਿਪੁੰਨ ਕਵੀ ਹੈ। ਭਾਈ ਬਲਦੀਪ ਸਿੰਘ ਨੇ ਇਸ ਮੌਕੇ ਵੱਖ ਵਖ ਰਾਗਾਂ ਵਿਚ ਗਾਇਨ ਕਰਕੇ ਆਪਣੀ ਸੰਗੀਤਕ ਪ੍ਰਤਿਭਾ ਦਾ ਆਨੰਦਮਈ ਪ੍ਰਦਰਸ਼ਨ ਕੀਤਾ। ਉਨ੍ਹਾਂ ਆਪਣੀ ਲੱਗਭੱਗ 3000 ਸਫਿਆਂ ਵਾਲੀ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਕੀਰਤੀ ਮਾਲਾ' ਬਾਰੇ ਵੀ ਵਿਸਥਾਰ ਵਿਚ ਚਾਨਣਾ ਪਾਇਆ ਅਤੇ ਉਸ ਦੇ ਕੁਝ ਅੰਸ਼ ਬਾਂਝੇ ਕੀਤੇ। ਅੰਤ ਵਿਚ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਬਲਦੀਪ ਸਿੰਘ ਵੱਲੋਂ ਭਾਰਤੀ ਸੰਗੀਤ ਨੂੰ ਮੁੜ ਸੁਰਜੀਤ ਕਰਨ ਅਤੇ ਪ੍ਰਫੁੱਲਤ ਕਰਨ ਲਈ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਵੱਲੋਂ ਵੈਨਕੂਵਰ ਵਿਚਾਰ ਮੰਚ ਲਈ ਸਮਾਂ ਕੱਢਣ ਦਾ ਧੰਨਵਾਦ ਕੀਤਾ। ਇਸ ਮੌਕੇ ਭੁਪਿੰਦਰ ਸਿੰਘ ਮੱਲ੍ਹੀ, ਡਾ. ਰਿਸ਼ੀ ਸਿੰਘ, ਡਾ. ਗੁਰਵਿੰਦਰ ਸਿੰਘ ਧਾਲੀਵਾਲ, ਨਵਰੂਪ ਸਿੰਘ, ਅਮਰ ਸਿੰਘ ਆਰਟਿਸਟ, ਹਰਦਮ ਸਿੰਘ ਮਾਨ ਅਤੇ ਗੁਰਬਾਣੀ ਸੰਗੀਤ ਦੇ ਕਈ ਪ੍ਰਸੰਸਕ ਹਾਜਰ ਸਨ।

# ਸਪੀਕਰ ਕੁਲਤਾਰ ਸਿੰਘ ਸੰਧਵਾਂ ਸੜਕ ਹਾਦਸੇ ਵਿਚ ਵਾਲ ਵਾਲ ਬਚੇ

ਅੰਮ੍ਰਿਤਸਰ-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਕਾਰ ਨੂੰ ਅੱਜ ਇਥੇ ਇੱਕ ਟਰੱਕ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਵਾਲ-ਵਾਲ ਬਚ ਗਏ। ਸਰਕਾਰੀ ਬੁਲਾਰੇ ਅਨੁਸਾਰ ਸ੍ਰੀ ਸੰਧਵਾਂ ਅੱਜ ਇਥੇ ਮਹਿਤਾ ਰੋਡ ਸਥਿਤ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਬਲੱਡ ਬੈਂਕ ਦਾ ਉਦਘਾਟਨ ਕਰਨ ਲਈ ਆਏ ਸਨ। ਇਸ ਮੌਕੇ ਅੰਮ੍ਰਿਤਸਰ ਬਾਈਪਾਸ ਨੇੜੇ ਇਕ ਟਰੱਕ ਚਾਲਕ ਨੇ ਉਨ੍ਹਾਂ ਦੀ ਕਾਰ ਵਿੱਚ ਟੱਕਰ ਮਾਰ ਦਿੱਤੀ। ਇਸੇ ਦੌਰਾਨ ਟਰੱਕ ਡਰਾਈਵਰ ਨੇ ਦੋਸ਼ ਲਾਇਆ ਕਿ ਸਪੀਕਰ ਦੇ ਸੁਰੱਖਿਆ ਅਮਲੇ 'ਤੇ ਉਸ ਦੀ ਮਾਰਕੁੱਟ ਕੀਤੀ ਹੈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਵਿੱਚ ਵੀ ਡਰਾਈਵਰ ਦੀ ਕੁੱਟਮਾਰ ਹੁੰਦੀ ਦਿਖਾਈ ਦੇ ਰਹੀ ਹੈ।


Injured in an accident?

ICBC claim?

We can help.

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St.,
Surrey, BC, V3W 4E8
satvir.cheema@century21.ca

PUNJAB LINK
ਪੰਜਾਬ ਲਿੰਕ
ਸ਼ਨਿੱਚਰਵਾਰ, 13 ਅਗਸਤ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**
CENTURY 21 Coastal Realty Ltd.

#105-7928 128th St.,
Surrey, BC, V3W 4E8
info@amrikcheema.com

# ਬਾਬਾ ਨਜ਼ਮੀ ਦੀ ਬੁਲੰਦ ਸ਼ਾਇਰੀ ਨੇ ਐਡਮਿੰਟਨ ਦੇ ਪੰਜਾਬੀ ਕੀਲੇ

ਸਰੀ (ਹਰਦਮ ਮਾਨ)-ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਅਲਬਰਟਾ ਦੇ ਸੱਦੇ ਤੇ ਰਿਚਵੁਡ ਕਮਿਊਨਿਟੀ ਹਾਲ ਐਡਮਿਟਨ ਵਿਖੇ ਲਹਿੰਦੇ ਪੰਜਾਬ ਦੇ ਤਰੱਕੀ ਪਸੰਦ ਪ੍ਰਸਿੱਧ ਸ਼ਾਇਰ, ਪੰਜਾਬੀ ਦੇ ਬੋਲੀ ਦੇ ਝੰਡਾ ਬਰਦਾਰ ਬਾਬਾ ਨਜਮੀ ਲਗਭਗ 250 ਸੌ ਸਰੋਤਿਆਂ-ਪਾਠਕਾਂ ਦੇ ਰੁਬਰੂ ਹੋਏ। ਬਾਬਾ ਨਜਮੀ ਅਤੇ ਡਾ. ਅਨੂਪ ਸਿੰਘ ਪ੍ਰਸਿੱਧ ਆਲੋਚਕ ਚਿੰਤਕ ਨੇ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ। ਸਟੇਜ ਦਾ ਸੰਚਾਲਨ ਗੁਰਸੇਵਕ ਸਿੰਘ ਨੇ ਬਾਖੂਬੀ ਕੀਤਾ। ਸਮਾਗਮ ਦੀ ਸ਼ੁਰੂਆਤ ਸੇਵਕ ਸਿੰਘ ਨੇ ਆਪਣੀ ਕਵਿਤਾ ਨਾਲ ਕੀਤੀ। ਗੁਰਤੇਜ ਬਰਾੜ ਨੇ ਵੱਖਰੇ ਅੰਦਾਜ਼ ਵਿਚ ਸ਼ਾਇਰੀ ਸੁਣਾਈ ਅਤੇ ਵਰਿੰਦਰ ਕੌਰ ਨੇ 'ਕਠਪੁਤਲੀ' ਨਜ਼ਮ ਸੁਣਾ ਕੇ ਵਾਹ ਵਾਹ ਖੱਟੀ। ਸਤੀਸ਼ ਗੁਲਾਟੀ ਨੇ ਬਾਬਾ ਨਜ਼ਮੀ ਬਾਰੇ ਫਿਰਾਕ ਗੋਰਖਪੁਰੀ ਦੇ ਸ਼ਿਅਰ-'ਆਨੇ ਵਾਲੀ ਨਸਲੇਂ ਤੁਮ ਪਰ ਰਕਸ ਕਰੇਂਗੀ ਐ ਹਮਸਫਰੋ। ਜਬ ਉਨ ਕੋ ਯਹ ਧਿਆਨ ਆਏਗਾ ਹਮ ਨੇ ਫਿਰਾਕ ਕੋ ਦੇਖਾ ਹੈ।' ਨਾਲ ਕਿਹਾ ਕਿ ਸਾਡੀ ਪੀੜ੍ਹੀ ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਗੁਰਸ਼ਰਨ ਭਾਅ ਜੀ, ਡਾ ਜਗਤਾਰ, ਸੰਤ ਰਾਮ ਉਦਾਸੀ, ਅਜਮੇਰ ਔਲਖ ਅਤੇ ਬਾਬਾ ਨਜਮੀ ਨੂੰ ਦੇਖਿਆ ਹੀ ਨਹੀਂ ਸੁਣਿਆ ਵੀ ਹੈ। ਬਾਬਾ ਨਜਮੀ ਲਹਿੰਦੇ ਪੰਜਾਬ ਵਿਚ ਪੰਜਾਬੀ ਦਾ ਝੰਡਾ ਬਰਦਾਰ ਹੀ ਨਹੀਂ ਸਗੋਂ ਚੜ੍ਹਦੇ ਪੰਜਾਬ ਦੇ ਬਹੁਤ ਸਾਰੇ ਸਕੂਲਾਂ ਵਿੱਚ ਬਾਬਾ ਨਜਮੀ ਦੇ ਸ਼ਿਅਰ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਮਾਰਗ ਦਰਸ਼ਨ ਦਾ ਕੰਮ ਕਰ ਰਹੇ ਹਨ। ਕਿਸਾਨ ਅੰਦੋਲਨ ਵਿਚ ਬਹੁਤ ਸਾਰੇ ਚਿੰਤਕਾਂ ਨੇ ਅਤੇ ਗਾਇਕਾਂ ਨੇ ਬਾਬਾ ਜੀ ਦੇ ਸ਼ਿਅਰਾਂ ਨਾਲ ਪੰਡਾਲ ਅਤੇ ਬਹੁਤ ਸਾਰੇ ਟੈਂਟ, ਟਰਾਲੀਆਂ ਦੇ ਬਾਹਰ ਬਾਬਾ ਨਜਮੀ ਦੇ ਸ਼ਿਅਰਾਂ ਦੇ ਪੋਸਟਰਾਂ ਨਾਲ ਹਰ ਸ਼ਿਅਰ ਨੇ ਸੁਚੇਤ ਮਨਾਂ ਲਈ ਖਾਦ ਦਾ ਕੰਮ ਕੀਤਾ। ਬਾਬਾ ਨਜਮੀ ਨੇ ਆਪਣੀ ਬੁਲੰਦ ਅਤੇ ਨਿਵੇਕਲੀ ਅੰਦਾਜ਼ ਵਿਚ ਸ਼ਾਇਰੀ ਦਾ ਆਗਾਜ਼ ਇਨ੍ਹਾਂ ਸ਼ਿਅਰਾਂ ਨਾਲ ਕੀਤਾ-

ਅੰਬਰ ਦਾ ਮੈਂ ਬੂਹਾ ਖੋਲ੍ਹ ਕੇ ਵੇਖਾਂਗਾ।
ਰੱਬ ਦੇ ਨਾਲ ਪੰਜਾਬੀ ਬੋਲ ਕੇ ਵੇਖਾਂਗਾ।





ਬੇਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ
ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ।
ਆਪਣੇ ਮੂੰਹ ਨੂੰ ਡੱਕਾ ਲਾ ਉਏ ਸ਼ੀਦੇ ਸ਼ਾਹ।
ਇੰਝ ਨਾ ਆਪਣਾ ਕੱਦ ਵਧਾ ਉਏ ਸ਼ੀਦੇ ਸ਼ਾਹ।

ਉਨ੍ਹਾਂ ਆਪਣੀ ਨਜ਼ਮ ਹੂਰ, ਗੋਲੀ, ਜਨਰਲ, ਮਜ਼ਦੂਰ ਤੋਂ ਇਲਾਵਾ ਸਰੋਤਿਆਂ ਦੀ ਮੰਗ 'ਤੇ ਅਨੇਕਾਂ ਸ਼ਿਅਰ ਸੁਣਾ ਕੇ ਸਭਨਾਂ ਨੂੰ ਗਦ ਗਦ ਕੀਤਾ। ਜਸਵੀਰ ਸਿੰਘ ਮਾਹਲ ਐਮ.ਐਲ.ਏ. ਨੇ ਸਨਮਾਨ ਨਿਸ਼ਾਨੀ ਦੇ ਕੇ ਅਤੇ ਐਡਮਿੰਟਨ ਆਉਣ 'ਤੇ ਬਾਬਾ ਨਜਮੀ ਦਾ ਧੰਨਵਾਦ ਕੀਤਾ। ਇਹ ਸ਼ਾਮ ਲੰਬੇ ਅਰਸੇ ਤੱਕ ਲੋਕ ਮਨਾਂ 'ਤੇ ਆਪਣੀ ਛਾਪ ਛੱਡ ਗਈ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE, SURREY**



Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**

Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**


Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**


9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.

Sunny Sangha
604-356-5555
SUNNY SANGHA Personal Real Estate Corporation
CENTURY 21 Coastal Realty Ltd.
MES MEDALLION CLUB MEMBER
Ram Johal
604-356-5555

www.sunnysangha.com | info@sunnysangha.com





# ਬਰੈਂਪਟਨ ਵਿਚ ਨਾਮਵਾਰ ਸਿੱਖ ਵਿਦਵਾਨ ਗਿਆਨ ਸਿੰਘ ਸੰਧੂ ਦੀਆਂ ਦੋ ਪੁਸਤਕਾਂ ਰਿਲੀਜ਼

## ਲਹਿੰਦੇ ਪੰਜਾਬ ਦੇ ਨਾਮਵਰ ਅਦੀਬ ਪ੍ਰੋ. ਆਸ਼ਿਕ ਰਾਹੀਲ ਦਾ ਸਨਮਾਨ

ਸਰੀ (ਹਰਦਮ ਮਾਨ)- ਓਨਟਾਰੀਓ ਸੂਬੇ ਦੇ ਬਰੈਂਪਟਨ ਸ਼ਹਿਰ ਵਿਚ ਅਨੌਖੀ ਰੈਸਟੋਰੈਂਟ ਵਿਖੇ, ਸਿੱਖ ਨੈਸ਼ਨਲ ਆਰਕਾਈਵਜ਼ ਕੈਨੇਡਾ ਵੱਲੋਂ ਕਰਵਾਏ ਵਿਸ਼ੇਸ਼ ਸਮਾਗਮ ਵਿੱਚ ਨਾਮਵਰ ਸਿੱਖ ਵਿਦਵਾਨ ਗਿਆਨ ਸਿੰਘ ਸੰਧੂ ਦੀਆਂ ਪੁਸਤਕਾਂ 'ਅਣਗਾਹੇ ਰਾਹ' ਅਤੇ 'ਸਿੱਖ ਧਰਮ ਬਾਰੇ 20 ਮਿੰਟਾਂ ਦੀ ਜਾਣਕਾਰੀ' ਲੋਕ ਅਰਪਿਤ ਕੀਤੀਆਂ ਗਈਆਂ ਅਤੇ ਲਹਿੰਦੇ ਪੰਜਾਬ ਦੇ ਨਾਮਵਰ ਅਦੀਬ ਪ੍ਰੋ. ਆਸ਼ਿਕ ਰਹੀਲ ਦਾ ਸਨਮਾਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਕਰਦਿਆਂ ਗਿਆਨ ਸਿੰਘ ਸੰਧੂ ਨੇ ਕਿਹਾ ਕਿ ਉਹ ਪ੍ਰੋਫੈਸਰ ਆਸ਼ਿਕ ਰਾਹੀਲ ਨਾਲ ਵਿਅਕਤੀਗਤ ਤੌਰ 'ਤੇ ਪਹਿਲੀ ਵਾਰ ਮੁਲਾਕਾਤ ਕਰ ਰਹੇ ਹਨ ਅਤੇ ਇਸ ਮਿਲਣੀ ਦਾ ਸਬੱਬ ਜੈਤੇਗ ਸਿੰਘ ਅਨੰਤ ਹੁਰਾਂ ਸਦਕਾ ਹੋਇਆ ਹੈ। ਉਨ੍ਹਾਂ ਪ੍ਰੋ. ਆਸ਼ਿਕ ਰਹੀਲ ਵੱਲੋਂ ਅਣਗਾਹੇ ਰਾਹ ਦਾ ਲਿਪੀਅੰਤਰ ਸ਼ਾਹਮੁਖੀ ਵਿਚ ਕਰਨ ਲਈ ਉਨ੍ਹਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਇਹ ਕਾਰਜ ਬਹੁਤ ਹੀ ਮਿਹਨਤ ਤੇ ਸ਼ਿਦਤ ਨਾਲ ਕੀਤਾ ਹੈ। ਪ੍ਰੋ. ਆਸ਼ਿਕ ਰਹੀਲ ਲਹਿੰਦੇ ਪੰਜਾਬ ਦੇ ਨਾਮਵਰ ਅਦੀਬਾਂ ਵਿੱਚੋਂ ਇਕ ਹਨ ਅਤੇ ਮੇਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਮੇਰੀ ਕਿਤਾਬ ਇਨ੍ਹਾਂ ਦੀ ਰਹਿਨੁਮਾਈ ਹੇਠ ਲਿਪੀਅੰਤਰ ਹੋਈ ਹੈ। ਦੂਜੀ ਕਿਤਾਬ 20 Minute Guide to the Sikh Faith ਸਿੱਖ ਧਰਮ ਬਾਰੇ 20 ਮਿੰਟਾਂ ਦੀ ਜਾਣਕਾਰੀ ਦਾ ਅੰਗਰੇਜ਼ੀ ਤੋਂ ਸ਼ਾਹਮੁਖੀ ਵਿਚ ਉਤਾਰਾ ਲਹਿੰਦੇ ਪੰਜਾਬ ਦੀ ਨਾਮਵਰ ਅਦੀਬ ਪ੍ਰੋ. (ਡਾ) ਨਬੀਲਾ ਰਹਿਮਾਨ ਨੇ ਬੜੀ ਮੁਹੱਬਤ ਤੇ ਬੜੇ ਖ਼ਲੂਸ ਨਾਲ ਕੀਤਾ ਹੈ। ਇਹ ਵੀ ਸਾਡੇ ਲਈ ਬੜੀ ਖੁਸ਼ੀ ਦੇ ਪਲ ਹਨ ਕਿ ਡਾ. ਨਬੀਲਾ ਰਹਿਮਾਨ 'ਯੂਨੀਵਰਸਟੀ ਆਫ ਝੰਗ' ਦੇ ਵਾਈਸ ਚਾਂਸਲਰ ਬਣ ਗਏ ਹਨ। ਇਨ੍ਹਾਂ ਦੋਹਾਂ ਪੁਸਤਕਾਂ ਦੇ ਪ੍ਰਕਾਸ਼ਨ ਹਿਤ ਉਨ੍ਹਾਂ ਆਪਣੇ ਗੂੜੇ ਮਿੱਤਰ ਜੈਤੇਗ ਸਿੰਘ ਅਨੰਤ ਦੀ ਨਿਗਰਾਨੀ ਤੇ ਅਗਵਾਈ ਨੂੰ ਸੋਨੇ ਤੇ ਸੁਹਾਗੇ ਦਾ ਕਾਰਜ ਦੱਸਿਆ। ਸਮਾਗਮ ਦੇ ਦੂਜੇ ਬੁਲਾਰੇ ਲਹਿੰਦੇ ਪੰਜਾਬ ਦੇ ਨਾਮਵਰ ਅਦੀਬ ਪ੍ਰੋ. ਆਸ਼ਿਕ ਰਾਹੀਲ ਨੇ ਜੈਤੇਗ ਸਿੰਘ ਅਨੰਤ ਦੀ ਮਾਰਫਤ ਗਿਆਨ ਸਿੰਘ ਸੰਧੂ ਨਾਲ ਸੰਪਰਕ ਹੋਣ ਦਾ ਜ਼ਿਕਰ ਕੀਤਾ। ਉਨ੍ਹਾਂ ਜੈਤੇਗ ਸਿੰਘ ਅਨੰਤ ਨੂੰ ਦੋਹਾਂ ਪੰਜਾਬਾਂ ਦਾ ਪੁਲ ਦੱਸਿਆ। ਪੁਸਤਕ 'ਅਣਗਾਹੇ ਰਾਹ' ਬਾਰੇ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਮੇਰੀ ਨਜ਼ਰ ਵਿਚ ਇਹ ਪੁਸਤਕ ਬਹੁਤ ਸਾਰੀਆਂ ਸਾਹਿਤਕ ਵੰਨਗੀਆਂ ਦਾ ਸੁਮੇਲ ਹੈ। ਇਸ ਵਿਚ ਇੱਕੋ ਵੇਲੇ ਸਵੈ-ਜੀਵਨੀ, ਸਫਰਨਾਮਾ, ਕੈਨੇਡਾ ਦਾ ਜਨ-ਜੀਵਨ ਤੇ ਇਤਿਹਾਸ ਸਮੋਇਆ ਹੋਇਆ ਹੈ। ਇਸ ਮੌਕੇ ਮੈਂਬਰ ਪਾਰਲੀਮੈਂਟ ਇਕਵਿੰਦਰ ਸਿੰਘ ਗਹੀਰ ਨੇ ਪ੍ਰੋ. ਆਸ਼ਿਕ ਰਾਹੀਲ ਦੇ ਅਦਬੀ ਸਫਰ ਅਤੇ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਵਿਚ ਪਾਏ ਯੋਗਦਾਨ ਦੀ ਪ੍ਰਸੰਸਾ ਕੀਤੀ। ਵਰਲਡ ਸਿੱਖ ਸੰਸਥਾ ਦੀ ਡਾਇਰੈਕਟਰ ਆਫ ਐਡਮਿਨਸਟਰੇਸ਼ਨ ਕਿਰਪਾ ਕੌਰ ਗਰੇਵਾਲ ਨੇ ਸੰਖੇਪ ਤੇ ਭਾਵਪੂਰਨ ਸ਼ਬਦਾਂ ਰਾਹੀਂ 'ਅਣਗਾਹੇ ਰਾਹ' ਨੂੰ ਨੌਜਵਾਨਾਂ ਲਈ ਇਤਿਹਾਸਕ ਕੜੀ ਆਖਿਆ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਬਾਅਦ ਵਿਚ ਤਾੜੀਆਂ ਦੀ ਗੂੰਜ ਵਿਚ ਅਣਗਾਹੇ ਰਾਹ ਅਤੇ 'ਸਿੱਖ ਧਰਮ ਬਾਰੇ 20 ਮਿੰਟਾਂ ਦੀ ਜਾਣਕਾਰੀ' ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ। ਇਸ ਮੌਕੇ ਗਿਆਨ ਸਿੰਘ ਸੰਧੂ ਅਤੇ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਮੈਂਬਰ ਪਾਰਲੀਮੈਂਟ ਇਕਵਿੰਦਰ ਸਿੰਘ ਗਹੀਰ ਨੇ ਪ੍ਰੋ. ਆਸ਼ਿਕ ਰਾਹੀਲ ਨੂੰ ਯਾਦਗਾਰੀ ਚਿੰਨ (ਪਲੈਕ) ਦੇ ਕੇ ਸਨਮਾਨਿਤ ਕੀਤਾ ਅਤੇ ਸੁਰਿੰਦਰ ਕੌਰ ਸੰਧੂ ਨੇ ਬੇਗਮ ਜ਼ਾਹਿਦਾ ਰਹੀਲ ਨੂੰ ਇਕ ਸ਼ਾਲ ਦੇ ਕੇ ਸਨਮਾਨ ਭੇਂਟ ਕੀਤਾ।



ਸਮਾਗਮ ਵਿਚ ਮੁਹੰਮਦ ਕਾਸ਼ਿਫ, ਮੈਦ ਅਬਦੁਲਾ, ਅਜੀਤ ਸਿੰਘ ਸਹੋਤਾ (ਕਿਊਰੇਟਰ ਸਿੱਖ ਨੈਸ਼ਨਲ ਆਰਕਾਈਵਜ਼), ਸੁਰਿੰਦਰ ਕੌਰ ਸਹੋਤਾ, ਬਲਵਿੰਦਰ ਸਿੰਘ ਬੈਂਸ, ਹਰਮਿੰਦਰ ਕੌਰ ਬੈਂਸ, ਪ੍ਰੋ. ਆਤਮਾ ਸਿੰਘ ਗਿੱਲ, ਸਿੱਖ ਵਿਦਵਾਨ ਮੋਹਨ ਸਿੰਘ ਭੰਗੂ, ਧਰਮਪਾਲ ਸਿੰਘ ਸ਼ੇਰਗਿੱਲ, ਮਨਜਿੰਦਰ ਸਿੰਘ ਗਹੀਰ, ਪਰਮਿੰਦਰ ਸਿੰਘ ਗਿੱਲ, ਕੰਵਲਜੀਤ ਸਿੰਘ ਅਤੇ ਭਾਈਚਾਰੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

WIDE RANGE
DIVERSE DEBT SOLUTIONS
778-998-9402

ਕੀ ਤੁਸੀ ਕਰਜੇ ਤੋਂ ਪ੍ਰੇਸ਼ਾਨ ਹੋ ?
ਮੁਫ਼ਤ ਸਲਾਹ ਅਤੇ ਮਿਲਣ ਲਈ
ਅੱਜ ਹੀ ਕਾਲ ਕਰੋ

WE CAN HELP WITH :
- Retail Store Cards
- Bank Overdraft
- GST/PST Debt
- Student Loans
- Foreclosure
- Bankruptcy
- Any Business or Personal Loans
- Credit Cards
- Line of Credit
- Pay Day Loans
- CRA Debt



info@diversedebt.ca
www.diversedebt.ca
Kulwinder Kaur
778-998-9402

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY

LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★

**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

**MAIN OFFICE: 505-777 W. BROADWAY, VANCOUVER**
**SURREY OFFICE: 7164, 120 ST, SURREY *(BY APPOINTMENT PLEASE)***
**Email: cedric_hughes@hughesco.com**

***AND** Service provided at Business Centres throughout the Fraser Valley and British Columbia.*


***Remote Location? No Problem. We will come to you !***

# TRANSource FREIGHTWAYS

# Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




# ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604–808–9805**

**Email:safety@transourcefreightways.com**

# ਆਜ਼ਾਦੀ ਦੀ ਲਹਿਰ 'ਚ ਲਾਸਾਨੀ ਹੈ ਪੰਜਾਬ ਦਾ ਯੋਗਦਾਨ

ਸਿੱਖ ਇਤਿਹਾਸਕਾਰ ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ, 'ਭਾਰਤ ਦੀ ਆਜ਼ਾਦੀ ਦੀ ਜ਼ਮੀਨ ਗ਼ਦਰੀ ਬਾਬਿਆਂ ਨੇ ਤਿਆਰ ਕੀਤੀ, ਨਕਸ਼ਾ ਜਲ੍ਹਿਆਂਵਾਲੇ ਬਾਗ਼ ਵਿਚ ਤਿਆਰ ਹੋਇਆ, ਨੀਂਹ ਗੁਰੂ ਕੇ ਬਾਗ਼ 'ਚ ਰੱਖੀ ਗਈ, ਦੀਵਾਰਾਂ ਰਾਵੀ ਦੇ ਕਿਨਾਰੇ 1930 ਨੂੰ ਤੇ ਛੱਤ ਆਜ਼ਾਦ ਹਿੰਦ ਫ਼ੌਜ ਨੇ ਪਾਈ।' ਨਿਰਸੰਦੇਹ ਭਾਰਤ-ਵਰਸ਼ ਦੀ ਬਰਤਾਨਵੀ ਸਾਮਰਾਜ ਦੀ ਗ਼ੁਲਾਮੀ ਤੋਂ ਮੁਕਤੀ ਲਈ ਦੇਸ਼ ਦੇ ਵੱਖ-ਵੱਖ ਖਿੱਤਿਆਂ ਦੇ ਜਾਂਬਾਜ਼ਾਂ ਤੇ ਆਜ਼ਾਦੀ ਦੇ ਪਰਵਾਨਿਆਂ ਦੀਆਂ ਕੁਰਬਾਨੀਆਂ ਨੂੰ ਛੁਟਿਆਇਆ ਨਹੀਂ ਜਾ ਸਕਦਾ ਪਰ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਦੇ ਸੰਘਰਸ਼ ਨੂੰ ਵਿੱਢਣ ਵਿਚ ਪੰਜਾਬ ਅਤੇ ਖ਼ਾਸ ਕਰਕੇ ਸਿੱਖਾਂ ਦਾ ਯੋਗਦਾਨ ਬੜਾ ਲਾਸਾਨੀ ਹੈ। ਦੇਸ਼ ਦੀ ਆਬਾਦੀ ਦਾ ਮਹਿਜ਼ ਡੇਢ ਫ਼ੀਸਦੀ ਹਿੱਸਾ ਹੋਣ ਦੇ ਬਾਵਜੂਦ ਸਿੱਖਾਂ ਵਲੋਂ ਆਜ਼ਾਦੀ ਦੀ ਲੜਾਈ ਵਿਚ 80 ਫ਼ੀਸਦੀ ਤੋਂ ਵੱਧ ਕੁਰਬਾਨੀਆਂ ਦਾ ਬੇਮਿਸਾਲ ਇਤਿਹਾਸ ਰਚਿਆ ਗਿਆ। ਅੰਗਰੇਜ਼ ਸਰਕਾਰ ਦੇ ਖ਼ੁਫ਼ੀਆ ਰਿਕਾਰਡ ਅਨੁਸਾਰ ਹੀ 1907 ਤੋਂ 1917 ਤੱਕ ਹਿੰਦੁਸਤਾਨ ਵਿਚ ਫ਼ਾਂਸੀ 'ਤੇ ਚਾੜ੍ਹੇ ਗਏ ਕੁੱਲ 47 ਸ਼ਹੀਦਾਂ ਵਿਚੋਂ 38 ਸਿੱਖ ਸਨ। ਉਮਰ ਕੈਦ ਵਾਲੇ 30 ਘੁਲਾਟੀਆਂ ਵਿਚੋਂ 27 ਸਿੱਖ ਸਨ। ਉਮਰ ਕੈਦ ਤੇ ਜਾਇਦਾਦ ਜ਼ਬਤ ਕਰਨ ਦੀਆਂ ਸਜ਼ਾਵਾਂ ਦਾ ਸਾਹਮਣਾ ਕਰਨ ਵਾਲੇ ਕੁੱਲ 38 ਵਿਚੋਂ 31 ਸਿੱਖ ਸਨ। ਕਾਲੇ ਪਾਣੀ ਕੁੱਲ 29 ਸੂਰਮਿਆਂ ਨੂੰ ਭੇਜਿਆ ਗਿਆ, ਉਨ੍ਹਾਂ ਵਿਚੋਂ 26 ਸਿੱਖ ਸਨ। ਸਖ਼ਤ ਸਜ਼ਾਵਾਂ ਕੁੱਲ 47 ਨੂੰ ਹੋਈਆਂ ਤੇ ਉਨ੍ਹਾਂ ਵਿਚੋਂ ਵੀ 38 ਸਿੱਖ ਸਨ। ਵਿਸਥਾਰਤ ਅੰਕੜੇ ਦੇਖੇ ਜਾਣ ਤਾਂ ਦੇਸ਼ ਦੇ ਆਜ਼ਾਦ ਹੋਣ ਤੱਕ ਅੰਗਰੇਜ਼ ਹਕੂਮਤ ਵਿਰੁੱਧ ਜੰਗ ਦੌਰਾਨ ਕੁੱਲ 121 ਸ਼ਹੀਦਾਂ ਨੇ ਫ਼ਾਂਸੀ ਦੇ ਰੱਸੇ ਚੁੰਮੇ, ਜਿਨ੍ਹਾਂ ਵਿਚੋਂ 93 ਸਿੱਖ ਸਨ। ਉਮਰ ਕੈਦ ਕੱਟਣ ਵਾਲੇ 2646 ਘੁਲਾਟੀਆਂ ਵਿਚੋਂ 2147 ਸਿੱਖ ਸਨ। ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਦੇ 1300 ਸ਼ਹੀਦਾਂ ਵਿਚੋਂ 799 ਸਿੱਖ ਸਨ। ਬਜਬਜ-ਘਾਟ ਦੇ ਸਾਕੇ ਵਿਚ ਸ਼ਹੀਦ ਹੋਣ ਵਾਲੇ 113 ਵਿਚੋਂ 67 ਸਿੱਖ, ਕੂਕਾ ਲਹਿਰ ਦੌਰਾਨ 91 ਦੇ 91 ਅਤੇ ਅਕਾਲੀ ਲਹਿਰ ਦੌਰਾਨ ਸ਼ਹੀਦ ਹੋਣ ਵਾਲੇ 500 ਸਿੱਖ ਹੀ ਸਨ। ਇਨ੍ਹਾਂ ਅੰਕੜਿਆਂ ਦੀ ਪੁਸ਼ਟੀ ਮੌਲਾਨਾ ਆਜ਼ਾਦ ਨੇ ਵੀ ਕੀਤੀ ਸੀ। ਇਹ ਅੰਕੜੇ ਵੀ ਆਜ਼ਾਦੀ ਦੀ ਲੜਾਈ ਵਿਚ ਸਿੱਖਾਂ ਦੀਆਂ ਕੁੱਲ ਕੁਰਬਾਨੀਆਂ ਦਾ ਮਹਿਜ਼ ਇਕ ਹੀ ਹਿੱਸਾ ਹਨ। ਜੇਕਰ ਭਾਰਤ ਦੀ ਆਜ਼ਾਦੀ ਵਿਚ ਸਮੂਹ ਪੰਜਾਬੀਆਂ ਦੀ ਦੇਣ ਦਾ ਮੁਲਾਂਕਣ ਕੀਤਾ ਜਾਵੇ ਤਾਂ ਇਹ 90 ਫ਼ੀਸਦੀ ਦੇ ਲਗਪਗ ਬਣ ਜਾਂਦਾ ਹੈ।







ਜਦੋਂ ਅੰਗਰੇਜ਼ਾਂ ਨੇ ਹਾਲੇ ਪੰਜਾਬ ਵਿਚ ਆਪਣੇ ਪੈਰ ਵੀ ਪੂਰੀ ਤਰ੍ਹਾਂ ਨਹੀਂ ਜਮਾਏ ਸਨ ਕਿ ਨੌਰੰਗਾਬਾਦ ਦੇ ਬਾਬਾ ਮਹਾਰਾਜ ਸਿੰਘ ਨੇ 1847 ਵਿਚ ਵਿਦਰੋਹ ਦਾ ਝੰਡਾ ਬੁਲੰਦ ਕਰ ਦਿੱਤਾ। ਹਕੂਮਤ ਨੇ ਉਨ੍ਹਾਂ ਨੂੰ ਫੜ ਕੇ ਸਿੰਗਾਪੁਰ ਜੇਲ੍ਹ ਭੇਜ ਦਿੱਤਾ, ਜਿਥੇ ਉਨ੍ਹਾਂ ਦੀ ਮੌਤ ਹੋ ਗਈ। ਸਰਦਾਰ ਅਤਰ ਸਿੰਘ ਅਟਾਰੀ ਵਾਲੇ ਨੇ ਆਜ਼ਾਦੀ ਦਾ ਬਿਗੁਲ ਵਜਾਇਆ ਪਰ ਕੋਈ ਵਾਹ ਨਾ ਚੱਲੀ। ਅੰਤ 1849 ਨੂੰ ਅੰਗਰੇਜ਼ਾਂ ਨੇ ਪੰਜਾਬ ਸਮੇਤ ਪੂਰੇ ਭਾਰਤ ਨੂੰ ਆਪਣੇ ਰਾਜ-ਭਾਗ 'ਚ ਮਿਲਾ ਲਿਆ।

ਬਰਤਾਨਵੀ ਸਾਮਰਾਜ ਵਿਰੁੱਧ ਸਭ ਤੋਂ ਪਹਿਲਾ ਸ਼ਾਂਤਮਈ ਅੰਦੋਲਨ ਪੰਜਾਬ ਤੋਂ ਹੀ 1869 ਵਿਚ ਬਾਬਾ ਰਾਮ ਸਿੰਘ ਜੀ ਨਾਮਧਾਰੀ ਨੇ ਆਰੰਭ ਕੀਤਾ। ਬਾਬਾ ਰਾਮ ਸਿੰਘ ਹੀ ਸਨ, ਜਿਨ੍ਹਾਂ ਨੇ ਮਹਾਤਮਾ ਗਾਂਧੀ ਦੀ 'ਨਾ-ਮਿਲਵਰਤਨ' ਲਹਿਰ ਤੋਂ ਅੱਧੀ ਸਦੀ ਪਹਿਲਾਂ ਹੀ ਅੰਗਰੇਜ਼ੀ ਜ਼ੁਬਾਨ, ਅੰਗਰੇਜ਼ੀ ਲਿਬਾਸ, ਫ਼ਿਰੰਗੀ ਹਕੂਮਤ ਦੀਆਂ ਨੌਕਰੀਆਂ, ਅਦਾਲਤਾਂ, ਡਾਕਖਾਨੇ ਅਤੇ ਰੇਲ ਗੱਡੀਆਂ ਦੇ ਬਾਈਕਾਟ ਦਾ ਸੱਦਾ ਦੇ ਦਿੱਤਾ। ਅੰਗਰੇਜ਼ਾਂ ਵਲੋਂ ਜਨਵਰੀ, 1872 ਵਿਚ 66 ਨਾਮਧਾਰੀ ਸੂਰਬੀਰਾਂ ਨੂੰ ਮਲੇਰਕੋਟਲੇ ਵਿਚ ਤੋਪਾਂ ਨਾਲ ਉਡਾ ਦਿੱਤਾ ਗਿਆ। ਹਕੂਮਤ ਨੇ ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ 12 ਸਾਥੀਆਂ ਨੂੰ ਦੇਸ਼ ਨਿਕਾਲਾ ਦਿੰਦਿਆਂ ਬਰਮਾ ਭੇਜ ਦਿੱਤਾ।

ਸੰਨ 1907 ਵਿਚ ਸ਼ਹੀਦ ਭਗਤ ਸਿੰਘ ਦੇ ਚਾਚਾ ਜੀ ਸਰਦਾਰ ਅਜੀਤ ਸਿੰਘ ਨੇ 'ਪਗੜੀ ਸੰਭਾਲ ਜੱਟਾ' ਦਾ ਹੋਕਾ ਦੇ ਕੇ ਆਜ਼ਾਦੀ ਦੇ ਆਸ਼ਕਾਂ ਨੂੰ ਹਲੂਣਿਆ। ਪੰਜਾਬੀ ਨੌਜਵਾਨ ਮਦਨ ਲਾਲ ਢੀਂਗਰਾ ਨੇ ਬਰਤਾਨਵੀ ਰਾਜ ਪ੍ਰਤੀ ਵਿਰੋਧ ਜ਼ਾਹਰ ਕਰਦਿਆਂ ਅੰਗਰੇਜ਼ ਅਫ਼ਸਰ ਵਿਲੀਅਮ ਕਰਜ਼ਨ ਵਾਇਲੀ ਨੂੰ ਗੋਲੀ ਨਾਲ ਉਡਾਉਣ ਤੋਂ ਬਾਅਦ 16 ਅਗਸਤ, 1909 ਨੂੰ ਸ਼ਹੀਦੀ ਪਾਈ। 1913 'ਚ ਉੱਤਰੀ ਅਮਰੀਕਾ ਦੇ ਪੱਛਮੀ ਤੱਟ 'ਤੇ ਰਹਿਣ ਵਾਲੇ ਕੁਝ ਸਿੱਖਾਂ ਨੇ ਲਾਲਾ ਹਰਦਿਆਲ ਅਤੇ ਭਾਈ ਪਰਮਾਨੰਦ ਦੇ ਸਹਿਯੋਗ ਨਾਲ 'ਗ਼ਦਰ ਪਾਰਟੀ' ਦਾ ਗਠਨ ਕੀਤਾ, ਜਿਸ ਦੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਨੂੰ ਬਣਾਇਆ ਗਿਆ।

ਕਾਮਾਗਾਟਾਮਾਰੂ ਜਹਾਜ਼ ਦੇ ਕੁੱਲ 376 ਯਾਤਰੂਆਂ ਵਿਚੋਂ 340 ਸਿੱਖ ਸਨ ਅਤੇ ਸ਼ਹੀਦ ਹੋਣ ਵਾਲੇ ਸਾਰੇ ਹੀ ਸਿੱਖ ਸਨ। ਇਸ ਘਟਨਾ ਨੇ ਹੋਰ ਦੇਸ਼ਾਂ ਵਿਚਲੇ ਭਾਰਤੀਆਂ ਅੰਦਰ ਵੀ ਫ਼ਿਰੰਗੀ ਹਕੂਮਤ ਵਿਰੁੱਧ ਬਗ਼ਾਵਤ ਦੀ ਚਿਣਗਾਰੀ ਬਾਲ ਦਿੱਤੀ।

ਅਮਰੀਕਾ ਵਿਚ 'ਗ਼ਦਰ ਲਹਿਰ' ਨੂੰ ਪ੍ਰਚੰਡ ਕਰਨ ਤੋਂ ਬਾਅਦ ਕਰਤਾਰ ਸਿੰਘ ਸਰਾਭਾ ਨੇ ਭਾਰਤ ਆ ਕੇ ਭਾਰਤੀ ਫ਼ੌਜੀਆਂ ਦੇ ਦਿਲਾਂ 'ਚ ਵੀ ਆਜ਼ਾਦੀ ਦੀ ਚਿਣਗ ਲਾਉਣ ਲਈ ਯਤਨ ਆਰੰਭੇ। ਆਜ਼ਾਦੀ ਦੇ ਪਰਵਾਨਿਆਂ ਨੇ ਮਿਲ ਕੇ 19 ਫ਼ਰਵਰੀ, 1915 ਨੂੰ ਅੱਡ-ਅੱਡ ਛਾਉਣੀਆਂ ਵਿਚ ਹਿੰਦੁਸਤਾਨੀ ਫ਼ੌਜਾਂ ਤੋਂ ਬਗ਼ਾਵਤ ਕਰਵਾ ਕੇ ਰਾਜ ਪਲਟਾ ਕਰਨ ਦੀ ਵਿਉਂਤ ਬਣਾਈ ਪਰ ਸਰਕਾਰ ਕੋਲ ਕਿਸੇ ਮੁਖ਼ਬਰ ਨੇ ਪਹਿਲਾਂ ਹੀ ਖ਼ਬਰ ਦੇ ਦਿੱਤੀ ਤੇ ਇਹ ਵਿਉਂਤ ਸਿਰੇ ਨਾ ਚੜ੍ਹ ਸਕੀ।

16 ਨਵੰਬਰ, 1915 ਨੂੰ ਸਰਦਾਰ ਸਰਾਭੇ ਨੂੰ 6 ਹੋਰ ਸਿੱਖ ਸਾਥੀਆਂ ਸਮੇਤ ਫ਼ਾਂਸੀ ਦੇ ਤਖ਼ਤੇ 'ਤੇ ਲਟਕਾ ਦਿੱਤਾ ਗਿਆ। ਫ਼ਿਰੋਜ਼ਪੁਰ ਛਾਉਣੀ 'ਤੇ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਦੇ ਦੋਸ਼ 'ਚ ਭਾਈ ਰਣਧੀਰ ਸਿੰਘ ਨੂੰ ਵੀ ਗ੍ਰਿਫ਼ਤਾਰ ਕਰਕੇ ਉਮਰ ਕੈਦ ਸੁਣਾਈ ਗਈ ਅਤੇ ਸਾਰੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਕੀਤੇ ਗਏ।

ਸੰਨ 1918 'ਚ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਮਹਾਤਮਾ ਗਾਂਧੀ ਦੇ ਸ਼ਾਂਤਮਈ ਅੰਦੋਲਨ ਦਾ ਆਰੰਭ ਵੀ 1919 ਦੀ ਵਿਸਾਖੀ 'ਤੇ ਜਲ੍ਹਿਆਂਵਾਲੇ ਬਾਗ਼ ਵਿਖੇ ਤੇ ਫ਼ਿਰ 8 ਅਗਸਤ, 1922 ਨੂੰ ਨਿਰੋਲ ਅਕਾਲੀ ਝੰਡੇ ਹੇਠਾਂ 'ਗੁਰੂ ਕੇ ਬਾਗ਼' ਦੇ ਮੋਰਚੇ ਵਿਚ ਸਿੱਖਾਂ ਨੇ ਹੀ ਕੀਤਾ। ਗੁਰੂ ਕੇ ਬਾਗ਼ ਦੇ ਮੋਰਚੇ ਬਾਰੇ ਪੰਡਤ ਮਦਨ ਮੋਹਨ ਮਾਲਵੀਆ ਨੇ ਆਖਿਆ ਸੀ, 'ਗੁਰੂ ਕੇ ਬਾਗ ਵਿਚੋਂ ਹੀ ਦੇਸ਼ ਦੀ ਆਜ਼ਾਦੀ ਦੀ ਲਹਿਰ ਉਠੀ ਹੈ ਅਤੇ ਹੁਣ ਇਸੇ ਨੇ ਹੀ ਦੇਸ਼ ਨੂੰ ਆਜ਼ਾਦ ਕਰਵਾਉਣਾ ਹੈ।'

ਮਹਾਤਮਾ ਗਾਂਧੀ ਦੀ 'ਨਾ-ਮਿਲਵਰਤਨ' ਲਹਿਰ ਦੌਰਾਨ ਹੁਸ਼ਿਆਰਪੁਰ ਜ਼ਿਲ੍ਹੇ ਦਾ ਰੁੜਕੀ ਪਿੰਡ ਹੀ ਦੇਸ਼ ਦਾ ਇਕੋ-ਇਕ ਅਜਿਹਾ ਪਿੰਡ ਸੀ, ਜਿਥੇ ਲੋਕਾਂ ਨੇ ਤਾਂ ਨੰਬਰਦਾਰੀਆਂ ਤੱਕ ਤਿਆਗ ਦਿੱਤੀਆਂ। 14 ਦਸੰਬਰ, 1920 ਨੂੰ ਸ਼੍ਰੋਮਣੀ ਅਕਾਲੀ ਦਲ ਦਾ ਗਠਨ ਕਰਕੇ ਭਾਵੇਂ ਸਿੱਖਾਂ ਨੇ 'ਗੁਰਦੁਆਰਾ ਸੁਧਾਰ ਲਹਿਰ' ਰਾਹੀਂ ਅੰਗਰੇਜ਼ਾਂ ਦੇ ਪਿੱਠੂ ਭ੍ਰਿਸ਼ਟ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਦਾ ਬੀੜਾ ਚੁੱਕਿਆ ਪਰ ਇਸ ਸੰਘਰਸ਼ ਦੀ ਅੰਤਰ-ਭਾਵਨਾ ਵੀ ਦੇਸ਼ ਦੀ ਆਜ਼ਾਦੀ ਨਾਲ ਜੁੜੀ ਹੋਈ ਸੀ। 'ਚਾਬੀਆਂ ਦੇ ਮੋਰਚੇ' ਦੀ ਜਿੱਤ ਨੂੰ ਜਨਵਰੀ, 1922 ਵਿਚ ਮਹਾਤਮਾ ਗਾਂਧੀ ਨੇ 'ਆਜ਼ਾਦੀ ਦੀ ਲੜਾਈ ਦੀ ਪਹਿਲੀ ਜਿੱਤ' ਕਰਾਰ ਦਿੱਤਾ ਸੀ। 20 ਫ਼ਰਵਰੀ, 1921 ਨੂੰ ਨਨਕਾਣਾ ਸਾਹਿਬ ਦੇ ਸਾਕੇ ਦੇ ਸ਼ਹੀਦਾਂ ਨੇ ਤਾਂ ਦੇਸ਼ ਭਰ ਨੂੰ ਜਗਾ ਦਿੱਤਾ। ਜੰਡ ਨਾਲ ਬੰਨ੍ਹ ਸ਼ਹੀਦ ਕੀਤੇ, ਤੇਲ ਪਾ ਕੇ ਸਾੜੇ ਗਏ, ਗੋਲੀਆਂ ਨਾਲ ਭੁੰਨੇ ਗਏ, ਪਰ ਸੀਅ ਕਿਸੇ ਨਾ ਕੀਤੀ। ਜੈਤੋ ਦੇ ਮੋਰਚੇ ਦੌਰਾਨ ਸਿੱਖਾਂ ਵਿਚ ਕੁਰਬਾਨ ਹੋਣ ਦੀ ਭਾਵਨਾ ਨੂੰ ਦੇਖ ਕੇ ਜਵਾਹਰ ਲਾਲ ਨਹਿਰੂ ਨੇ ਆ ਕੇ ਖ਼ੁਦ ਗ੍ਰਿਫ਼ਤਾਰੀ ਦਿੱਤੀ। ਗੁਰਦੁਆਰਾ ਸੁਧਾਰ ਲਹਿਰ ਦੌਰਾਨ 500 ਸਿੱਖ ਸ਼ਹੀਦ ਹੋਏ ਅਤੇ 30 ਹਜ਼ਾਰ ਜੇਲ੍ਹਾਂ ਵਿਚ ਡੱਕੇ ਗਏ। ਇਸ ਦੌਰਾਨ 10 ਲੱਖ ਰੁਪਏ ਸਿੱਖਾਂ ਨੇ ਜੁਰਮਾਨਾ ਭਰਿਆ। 1922 ਵਿਚ 'ਬੱਬਰ ਅਕਾਲੀ ਲਹਿਰ' ਦਾ ਮੁੱਢ ਬੰਨ੍ਹ ਕੇ ਬੱਬਰਾਂ ਨੇ ਬਰਤਾਨਵੀ ਸਾਮਰਾਜ ਨੂੰ ਕਾਂਬਾ ਛੇੜ ਦਿੱਤਾ। ਕਾਲੋਨੀ ਐਕਟ ਵਿਰੁੱਧ ਬਾਰ ਤਹਿਰੀਕ ਵਿਚ ਸ਼ਹੀਦ ਹੋਣ ਵਾਲੇ, ਉਮਰ ਕੈਦ ਦੀਆਂ ਸਜ਼ਾਵਾਂ ਭੋਗਣ ਵਾਲੇ ਤੇ ਅੰਗਰੇਜ਼ ਸਰਕਾਰ ਦੀਆਂ ਜੇਲ੍ਹਾਂ ਵਿਚ ਕਸ਼ਟ ਭੋਗਣ ਵਾਲੇ ਸਾਰੇ ਹੀ ਸਿੱਖ ਸਨ।

ਆਜ਼ਾਦ ਹਿੰਦ ਫ਼ੌਜ ਨੂੰ ਕਾਇਮ ਕਰਨ ਵਾਲਾ ਜਨਰਲ ਮੋਹਨ ਸਿੰਘ ਸੀ ਅਤੇ ਇਸ ਫ਼ੌਜ ਵਿਚ ਸ਼ਾਮਿਲ 42 ਹਜ਼ਾਰ ਫ਼ੌਜੀਆਂ ਵਿਚੋਂ 28 ਹਜ਼ਾਰ ਸਿੱਖ ਸਨ। ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਦਾ ਬਦਲਾ ਸਰਦਾਰ ਊਧਮ ਸਿੰਘ ਸੁਨਾਮ ਵਾਲੇ ਨੇ ਪੂਰੇ 21 ਸਾਲ ਬਾਅਦ ਲੰਡਨ ਵਿਚ ਜਾ ਕੇ ਜਨਰਲ ਓਡਵਾਇਰ ਨੂੰ ਸੋਧਾ ਲਗਾ ਕੇ ਲਿਆ। ਸੰਨ 1942 ਵਿਚ ਕਾਂਗਰਸ ਦੇ ਸੱਦੇ 'ਤੇ 'ਭਾਰਤ ਛੱਡੋ ਅੰਦੋਲਨ' ਦੌਰਾਨ ਸਰਕਾਰ ਵਲੋਂ ਗ੍ਰਿਫ਼ਤਾਰ ਕੀਤੇ ਜਾਣ ਵਾਲਿਆਂ ਵਿਚ ਤਿੰਨ-ਚੌਥਾਈ ਗਿਣਤੀ ਸਿੱਖਾਂ ਦੀ ਸੀ।


'ਸਾਈਮਨ ਕਮਿਸ਼ਨ' ਦੀ ਆਮਦ ਦੇ ਵਿਰੋਧ 'ਚ 30 ਅਕਤੂਬਰ, 1928 ਦੇ ਦਿਨ, ਲਾਹੌਰ ਰੇਲਵੇ ਸਟੇਸ਼ਨ 'ਤੇ ਤਕਰੀਬਨ 7000 ਦੇ ਹਜੂਮ ਨੇ 'ਸਾਈਮਨ ਕਮਿਸ਼ਨ ਗੋਅ ਬੈਕ' ਦੇ ਨਾਅਰਿਆਂ ਨਾਲ ਆਸਮਾਨ ਗੂੰਜਾ ਦਿੱਤਾ। ਮੁਜ਼ਾਹਰਾਕਾਰੀਆਂ ਵਿਚ ਬਹੁਤਾਤ ਪੰਜਾਬੀਆਂ ਦੀ ਸੀ। ਅੰਗਰੇਜ਼ ਸਰਕਾਰ ਵਲੋਂ ਕੀਤੇ ਅੰਨ੍ਹੇ ਲਾਠੀਚਾਰਜ ਦੌਰਾਨ ਲਾਲਾ ਲਾਜਪਤ ਰਾਏ ਜ਼ਖ਼ਮੀ ਹੋਣ ਤੋਂ ਬਾਅਦ 17 ਨਵੰਬਰ, 1928 ਨੂੰ ਅਕਾਲ ਚਲਾਣਾ ਕਰ ਗਏ। ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਪੰਜਾਬ 'ਚ ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ 'ਚ 'ਹਿੰਦੁਸਤਾਨ ਸਮਾਜਵਾਦੀ ਗਣਤੰਤਰ ਸੈਨਾ' ਕਾਇਮ ਕੀਤੀ ਗਈ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਆਜ਼ਾਦੀ ਖ਼ਾਤਰ ਹੋਈ ਸ਼ਹਾਦਤ ਨੇ ਦੇਸ਼ ਵਿਚ ਆਜ਼ਾਦੀ ਦੀ ਲਹਿਰ ਹੋਰ ਪ੍ਰਚੰਡ ਕਰ ਦਿੱਤੀ।

ਭਾਰਤ ਦੀ ਆਜ਼ਾਦੀ ਦਾ ਕੋਈ ਵੀ ਅਜਿਹਾ ਮੁਹਾਜ਼ ਨਹੀਂ ਸੀ, ਜਿਸ 'ਤੇ ਪੰਜਾਬ, ਖ਼ਾਸ ਕਰ ਸਿੱਖ ਕੌਮ ਨੇ ਆਬਾਦੀ ਦੇ ਅਨੁਪਾਤ ਨਾਲ ਦੇਸ਼ ਦੀਆਂ ਬਾਕੀ ਕੌਮਾਂ ਨਾਲੋਂ ਸਭ ਤੋਂ ਅੱਗੇ ਹੋ ਕੇ ਹਿੱਸਾ ਨਾ ਪਾਇਆ ਹੋਵੇ। ਆਜ਼ਾਦ ਹੋਣ 'ਤੇ ਭਾਰਤ-ਪਾਕਿ ਵੰਡ ਦਾ ਸਭ ਤੋਂ ਵੱਧ ਸੰਤਾਪ ਵੀ ਪੰਜਾਬ ਤੇ ਸਿੱਖਾਂ ਨੂੰ ਹੀ ਭੋਗਣਾ ਪਿਆ। ਸਮਕਾਲੀ ਪ੍ਰਸਿੱਧ ਅਖ਼ਬਾਰ 'ਸਟੇਟਸਮੈਨ' ਦੇ 3 ਜਨਵਰੀ, 1948 ਦੇ ਅੰਕ ਵਿਚ ਉਸ ਦਾ ਸੰਪਾਦਕ ਲਿਖਦਾ ਹੈ, 'ਸੁਤੰਤਰਤਾ ਸੰਗਰਾਮ ਦੌਰਾਨ ਇਸ ਮਹਾਂਦੀਪ ਵਿਚ ਸਭ ਤੋਂ ਵੱਧ ਮੁਸੀਬਤਾਂ ਦਾ ਸ਼ਿਕਾਰ ਸਿੱਖ ਕੌਮ ਨੂੰ ਹੋਣਾ ਪਿਆ। ਇਸ ਨੂੰ ਆਪਣੀਆਂ ਲਹਿਰਾਉਂਦੀਆਂ ਅਤੇ ਉਪਜਾਊ ਖੇਤੀਆਂ ਨੂੰ ਛੱਡ ਕੇ ਬੰਜਰ ਜ਼ਮੀਨਾਂ 'ਤੇ ਆਉਣਾ ਪਿਆ। ਜੋ ਹਰੀਆਂ-ਭਰੀਆਂ ਬਾਰਾਂ ਸਿੱਖ ਕਿਸਾਨਾਂ ਨੇ ਆਪਣੇ ਲਹੂ-ਪਸੀਨੇ ਨਾਲ ਵਸਾਈਆਂ ਸਨ, ਉਨ੍ਹਾਂ ਨੂੰ ਛੱਡ ਕੇ ਆਉਣ ਤੋਂ ਇਲਾਵਾ ਦਿਹਾਤੀ ਅਤੇ ਸ਼ਹਿਰੀ ਇਲਾਕੇ ਵਿਚ ਵੀ ਆਪਣੇ ਕੀਮਤੀ ਸਰਮਾਏ ਦੀ ਆਹੂਤੀ ਦੇਣੀ ਪਈ। ਇਸ ਤੋਂ ਇਲਾਵਾ ਕਈ ਪਰਮ-ਪਵਿੱਤਰ ਗੁਰਧਾਮ ਵੀ ਸੀਮਾ ਦੇ ਉਸ ਪਾਰ ਰਹਿ ਗਏ।'

—ਡਾ: ਬਿੰਦੂ ਕੈਂਥ




ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ
ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


Bank Turndown?
Could be just
what you need!
Quick
Private
Funds
$10,000 to
$1 Million in
just 24 Hours
Up to $5 Million
Available
Call today to get started
SANJEEV KATYAL
604.767.5194
Info@katyalmortgage.ca
invis
Canada's Mortgage Experts™
WWW.KATYALMORTGAGE.CA


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1 98 SF
Berber Installed
Textured Saxony Installed
from $2 28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਤੋਪਾਂ ਦੀ ਮਾਰ ਨੇ ਸਿੰਘਾਂ ਦਾ ਨੁਕਸਾਨ ਕਰਨਾ

1338 ਜਦ ਤੋਪਾਂ ਨੇ ਸਫ ਵਿਛਾ ਦਿੱਤੀ, ਲੁਟੇਰੇ ਡਰਕੇ ਜਾਨਾਂ ਬਚਾਣ ਲੱਗੇ।
ਕੁੱਝ ਵੜੇ ਵਿੱਚ ਜਾ ਝਾੜੀਆਂ ਦੇ, ਕੁੱਝ ਰੁੱਖਾਂ ਦੇ ਉਹਲੇ ਜਾਣ ਲੱਗੇ।
ਤੱਤ ਖਾਲਸਾ ਵਧਦਾ ਗਿਆ ਅੱਗੇ, ਸਿਦਕੀ ਸਿੰਘ ਸ਼ਹੀਦੀਆਂ ਪਾਉਣ ਲੱਗੇ।
ਹਰਚੰਦ ਸਿੰਘਾ, ਸਿੰਘਾਂ ਦੇ ਪੈਰ ਹੱਲੇ, ਪਿੱਛੇ ਹਟ ਕੇ ਬਣਤ ਬਨਾਉਣ ਲੱਗੇ॥

### ਸਿੰਘਾਂ ਨੇ ਆਪਣੀਆਂ ਤੋਪਾਂ ਨੇੜੇ ਲਿਜਾ ਕੇ ਚਲਾਉਣੀਆਂ

1339 ਸੱਥਰ ਲੋਥਾਂ ਦੇ ਲੱਗ ਮੈਦਾਨ ਗਏ, ਲੱਤਾਂ-ਬਾਹਾਂ ਖਿੰਡੇ ਸਰੀਰ ਭਾਈ।
ਉਠ ਘੋੜੇ ਸਣੇ ਅਸਵਾਰ ਮੋਏ, ਕੀਤੇ ਗੋਲਿਆਂ ਲੀਰੋ ਲੀਰ ਭਾਈ।
ਸਿੰਘਾਂ ਪਾਸ ਜੋ ਛੋਟੀਆਂ ਸਨ ਤੋਪਾਂ, ਲਿਆਂਦੀਆਂ ਖਿੱਚ ਕੇ ਕੋਲ ਅਖੀਰ ਭਾਈ।
ਮਾਰੇ ਗੋਲੇ ਤੋਪਾਂ ਦੇ ਹੋ ਨੇੜੇ, ਸਿੰਘਾਂ ਧਰੀ ਮੁੜ ਕੇ ਧੀਰ ਭਾਈ॥

### ਸਿੰਘਾਂ ਨੇ ਸਾਹਮਣੇ ਦੀ ਬਜਾਏ ਪਾਸਿਆਂ ਤੋਂ ਪੈਣਾ

1340 ਝੱਟ ਖੱਬਿਓਂ-ਸੱਜਿਓਂ ਵਾਰ ਕੀਤਾ, ਲੈ ਕੇ ਸੰਘਣੇ ਰੁੱਖਾਂ ਦੀ ਓੜ ਸਿੰਘਾਂ।
ਵਾਂਗ ਡੂਮਣੇ ਚਿੰਬੜੇ ਵੈਰੀਆਂ ਨੂੰ, ਘੇਰੇ ਕਈ ਸੀ ਦਿੱਤੇ ਤੋੜ ਸਿੰਘਾਂ।
ਨੇਜੇ ਮਾਰ ਕੇ ਤੋਪਚੀ ਖਤਮ ਕੀਤੇ, ਮੂੰਹ ਦਿੱਤੇ ਤੋਪਾਂ ਦੇ ਮੋੜ ਸਿੰਘਾਂ।
ਹਰਚੰਦ ਸਿੰਘਾ ਵੱਲ ਹਾਥੀਆਂ ਦੇ ਤੋਪਾਂ ਦਾਗੀਆਂ ਕਰ ਕੇ ਲੋੜ ਸਿੰਘਾਂ॥

1341 ਹਾਥੀ ਬਿਫਰੇ ਚੜ੍ਹੇ ਜਾ ਗਾਜੀਆਂ ਤੇ, ਦਿੱਤੇ ਮਿੱਧ ਕੇ ਉਨ੍ਹਾਂ ਨੇ ਮਾਰ ਮੀਆਂ।
ਇਹ ਵੇਖ ਵਜ਼ੀਰ ਨੂੰ ਅੱਗ ਲੱਗੀ, ਦਿਖਣ ਲੱਗੀ ਸਾਹਮਣੇ ਹਾਰ ਮੀਆਂ।
ਜਾਹ ਅਲੀ! ਦੇ ਮਾਰਕੇ ਗਰਮ ਨਾਅਰ੍ਹੇ, ਕੀਤਾ ਕਹਿਰ ਦਾ ਸਿੰਘਾਂ ਤੇ ਵਾਰ ਮੀਆਂ।
ਹਰਚੰਦ ਸਿੰਘਾ ਧੱਕੇ ਸਿੰਘ ਪਿੱਛੇ, ਸੱਟ ਸਕੇ ਨਾ ਉਹੋ ਸਹਾਰ ਮੀਆਂ॥

### ਸਿੰਘਾਂ ਨੇ ਲੁਟੇਰਿਆਂ ਨੂੰ ਤਾਅਨੇ ਮਾਰਨੇ

1342 ਮਾਰੇ ਤਾਨ੍ਹੇ ਸਿੰਘਾਂ ਲੁਟੇਰਿਆਂ ਨੂੰ, ਗੁਰਾਂ ਨਾਲ ਗਦਾਰੀਆਂ ਕਰਨ ਲੱਗੇ।
ਸਤਿਗੁਰ ਸਾਡੇ ਲਈ ਸਭ ਕੁੱਝ ਵਾਰ ਦਿੱਤਾ, ਤੁਸੀਂ ਅਣਖ ਹੋ ਗਹਿਣੇ ਧਰਨ ਲੱਗੇ।
ਲਾਜ ਰੱਖੀ ਨਾ ਪੱਗਾਂ ਦਾੜ੍ਹੀਆਂ ਦੀ, ਮਰਦ ਹੋ ਕੇ ਮੌਤ ਤੋਂ ਡਰਨ ਲੱਗੇ।
ਹਰਚੰਦ ਸਿੰਘਾ ਪਤਾ ਅਖੀਰ ਮਰਨਾ, ਤੁਸੀਂ ਪਛਤਾਉਗੇ ਅੰਤ ਨੂੰ ਮਰਨ ਲੱਗੇ॥

1343 ਪੱਗਾਂ ਪਾੜ ਚੁੰਨੀਆਂ ਲਉ ਸਿਰ ਤੇ, ਕੜੇ ਲਾਹ ਕੇ ਚੂੜੀਆਂ ਪਾ ਲਓ।
ਜੱਟ ਰਾਠ ਹੋ ਕੇ ਡਰੇ ਜੰਗ ਕੋਲੋਂ, ਸਿਰ ਮੁਨਾਅ ਕੇ ਟਿੱਕੇ ਲਾ ਲਓ।
ਸ਼ਕਲ ਸ਼ੇਰ ਦੀ ਦਿਲ ਹੈ ਲੂੰਬੜੀ ਦਾ, ਸਿਰ ਝਾੜੀਆਂ ਵਿਚ ਛੁਪਾ ਲਓ।
ਘੁੰਡ ਕੱਢ ਕੇ ਤੁਸੀਂ ਹਰਚੰਦ ਸਿੰਘਾ, ਘਰੇ ਜਾ ਕੇ ਚਰਖੇ ਡਾਹ ਲਓ॥

### ਬੋਲ ਸੁਣਕੇ ਲੁਟੇਰਿਆਂ ਦੀ ਅਣਖ ਜਾਗਣੀ

1344 ਗੈਰਤ ਜਾਗੀ ਫਿਰ ਲੁਟੇਰਿਆਂ ਦੀ, ਬੋਲ ਸੁਣ ਕੇ ਗਿੱਦੜੋਂ ਸ਼ੇਰ ਹੋਏ।
ਗੁੱਸਾ ਖਾ ਕੇ ਪਰਤੀਆਂ ਮੁੜ ਫੌਜਾਂ, ਸਾਹਵੇਂ ਵੈਰੀਆਂ ਦੇ ਆ ਫੇਰ ਹੋਏ।
ਪਏ ਚਿੱਤਰੇ ਜਿਵੇਂ ਸ਼ਿਕਾਰ ਉਤੇ, ਉਥੇ ਲੋਥਾਂ ਦੇ ਮੁੜਕੇ ਢੇਰ ਹੋਏ।
ਤੀਰ ਮੀਂਹ ਦੇ ਵਾਂਗ ਵਰਸਾਉਣ ਲੱਗੇ, ਹਰਚੰਦ ਸਿੰਘਾ ਮੁੰਡੇ ਦਲੇਰ ਹੋਏ॥

1345 ਸੁੱਚਾ ਨੰਦ ਦਾ ਝੂਠਾ ਭਤੀਜਾ ਜੋ, ਉਲਟ ਲੜਨ ਵਜ਼ੀਦ ਦੇ ਆਇਆ ਜੀ।
ਲੜਾਈ ਤੁਲਵੀਂ ਜਦੋਂ ਸੀ ਹੋਣ ਲੱਗੀ, ਉਸ ਅਸਲੀ ਰੰਗ ਵਿਖਾਇਆ ਜੀ।
'ਭੱਜੋ ਭੱਜੋ' ਦੀ ਉਚੀ ਪੁਕਾਰ ਪਾ ਕੇ, ਦਲ ਆਪਣਾ ਉਸ ਭਜਾਇਆ ਜੀ।
ਹਰਚੰਦ ਸਿੰਘਾ ਖਲਬਲੀ ਪਾਉਣ ਲਈ, ਟਿੱਲ ਆਪਣਾ ਉਸ ਨੇ ਲਾਇਆ ਜੀ॥

### ਭਾਈ ਬਾਜ ਸਿੰਘ ਨੇ ਮੌਕਾ ਸਾਂਭਣਾ

1346 ਗੰਡਾ ਖੱਤਰੀ ਕਰ ਗਿਆ ਥਾਂ ਖਾਲੀ, ਬਾਜ ਸਿੰਘ ਨੇ ਤੁਰੰਤ ਉਹ ਭਰਿਆ ਏ।
ਵਿਨੋਦ ਸਿੰਘ ਤੇ ਧਰਮ ਸਿੰਘ ਗੱਜੇ, ਚੂੜ੍ਹ ਸਿੰਘ ਨਗਾਹੀਆ ਅੜਿਆ ਏ।
ਬੈਰਾੜ, ਦੁੱਲਟ ਮਝੈਲੀਏ ਖਾ ਗੁੱਸਾ, ਉਨ੍ਹਾਂ ਨੇਜੇ ਤੇ ਨੇਜਾ ਜੜਿਆ ਏ।
ਹਰਚੰਦ ਸਿੰਘਾ ਤੁਰਕ ਵੀ ਘੱਟ ਨਾ ਹੀ, ਜ਼ੋਰ ਉਨ੍ਹਾਂ ਦਾ ਮੁੜਕੇ ਚੜ੍ਹਿਆ ਏ॥

### ਲੜਾਈ ਦਾ ਰੁਖ਼ ਵੇਖ ਕੇ ਭਾਈ ਬਾਜ ਸਿੰਘ ਨੇ ਬੰਦਾ ਸਿੰਘ ਅੱਗੇ ਜਾ ਬੇਨਤੀ ਕਰਨੀ

1347 ਬਾਜ ਸਿੰਘ ਜੀ ਘੋੜੇ ਨੂੰ ਲਾ ਅੱਡੀ, ਬੰਦਾ ਸਿੰਘ ਦੇ ਕੋਲ ਉਹ ਜਾਂਵਦਾ ਏ।
ਤੁਰਕ ਭਾਰੂ ਸਿੰਘਾਂ ਤੇ ਹੋਣ ਲੱਗੇ, ਹਾਲ ਜੰਗ ਦਾ ਜਾ ਸੁਣਾਂਵਦਾ ਏ।
ਦਲ ਸਾਡੇ ਥੱਕ ਕੇ ਚੂਰ ਹੋਏ, ਉੱਤੋਂ ਸੂਰਜ ਕਹਿਰ ਕਮਾਂਵਦਾ ਏ।
ਹਰਚੰਦ ਸਿੰਘਾ ਮਾਲਾ ਨੂੰ ਪਾਉ ਖੀਸੇ, ਵਕਤ ਲੰਘਿਆ ਮੁੜ ਨਾ ਆਂਵਦਾ ਏ॥

1348 ਫੌਜਾਂ ਸੁੰਨੀਆਂ ਬਿਨਾਂ ਬਾਦਸ਼ਾਹ ਤੋਂ, ਜਾਨ ਤੋੜਕੇ ਕਦੇ ਨਾ ਲੜਦੀਆਂ ਨੇ।
ਬਿਨਾਂ ਬੱਦਲਾਂ ਹੋਏ ਬਰਸਾਤ ਨਾਹੀ, ਜੰਞਾਂ ਲਾੜੇ ਬਿਨਾਂ ਨਾ ਚੜ੍ਹਦੀਆਂ ਨੇ।
ਪਾਣੀ ਬਿਨਾਂ ਉਗਦੇ ਖੇਤ ਨਾਹੀ, ਜੜਾਂ ਸੁੱਕੀਆਂ ਧਰਤ ਨਾ ਫੜਦੀਆਂ ਨੇ।
ਜ਼ੋਰ ਬਿਨਾਂ ਚੜ੍ਹਦੀ ਪੀਂਘ ਨਾਹੀ, ਕੰਧਾਂ ਬਿਨਾਂ ਛੱਤਾਂ ਨਾ ਖੜਦੀਆਂ ਨੇ॥

### ਬੰਦਾ ਸਿੰਘ ਬਹਾਦਰ ਦਾ ਜੰਗ ਦੇ ਮੈਦਾਨ ਵਿਚ ਆਉਣਾ

1349 ਅੰਬਰ ਗੂੰਜਿਆਂ ਨਾਲ ਸੀ ਨਾਰ੍ਹਿਆਂ ਦੇ, ਬੰਦਾ ਸਿੰਘ ਮੈਦਾਨੇ ਆਇਆ ਏ।
ਤੱਕ ਸਿੰਘਾਂ ਨੂੰ ਲਾਲੀਆਂ ਚੜ੍ਹ ਗਈਆਂ, ਫੌਜ ਤਾਜਾ ਦਮ ਲਿਆਇਆ ਏ।
ਤੀਰ ਦਿੱਤੇ ਜੋ ਦਸਵੇਂ ਪਾਤਿਸ਼ਾਹ ਨੇ, ਬੰਦਾ ਸਿੰਘ ਨੇ ਇੱਕ ਚਲਾਇਆ ਏ।
ਹਰਚੰਦ ਸਿੰਘਾ ਧੁੰਦੂਕਾਰ ਹੋਇਆ, ਆਂਧੀ ਆਈ ਤੇ ਮੁੱਖ ਭੁਲਾਇਆ ਏ॥

1350 'ਬੰਦਾ ਆਇਆ' ਦੇ ਬੋਲੇ ਕਸ ਦਿੱਤੇ, ਸੁਣ ਤੁਰਕਾਂ ਢੇਰੀਆਂ ਢਾਈਆਂ ਨੇ।
ਅੱਖਾਂ ਮੋਟੀਆਂ ਘੱਟੇ ਨਾਲ ਭਰੀਆਂ, ਦੇਵੇ ਕੁੱਝ ਨਾ ਅੱਗੇ ਦਖਾਈਆਂ ਨੇ।
ਸਿੰਘਾਂ ਅੱਗੋਂ ਲਾਇਆ ਤਾਣ ਪੂਰਾ, ਵਾਂਗ ਕੇਲਿਆਂ ਵਾਢੀਆਂ ਪਾਈਆਂ ਨੇ।
ਗੁਰਾਂ ਘੱਲੀ ਫ਼ੌਜ ਸ਼ਹੀਦਾਂ ਦੀ, ਵੱਢ ਵੱਢ ਕੇ ਢੇਰੀਆਂ ਲਾਈਆਂ ਨੇ॥

1351 ਹੱਲਾ ਬੋਲਿਆ ਜਾ ਮਲੇਰੀਆਂ ਤੇ, ਖ਼ਵਾਜਾ ਅਲੀ ਨੂੰ ਮਾਰ ਮੁਕਾ ਦਿੱਤਾ।
ਸ਼ੇਰ ਖਾਂ ਜੋ ਹੋਇਆ ਜ਼ਖ਼ਮੀ ਸੀ, ਉਹ ਵੀ ਤੇਗ ਦੀ ਭੇਂਟ ਚੜ੍ਹਾ ਦਿੱਤਾ।
ਖਾਨਾਂ ਮਰੇ ਜਦੋਂ ਸਰਦਾਰ ਵੇਖੇ, ਝੱਟ ਹੌਸਲਾ ਉਨ੍ਹਾਂ ਨੇ ਢਾਹ ਦਿੱਤਾ।
ਹਰਚੰਦ ਸਿੰਘਾ ਕੁੱਝ ਤੇ ਹਰਨ ਹੋਏ, ਜੋ ਖੜਿਆ ਉਹ ਝਟਕਾ ਦਿੱਤਾ॥

1352 ਦੂਜੇ ਦਿਨ ਦਾ ਦੂਜਾ ਪਹਿਰ ਮੁੱਕਾ, ਸੂਰਜ ਵਿੱਚੋਂ ਅੰਗਾਰੇ ਝੜਨ ਲੱਗੇ।
ਲੋਹ ਵਰਦੀਆਂ ਤਪਣ ਤੰਦੂਰ ਵਾਂਗੂੰ, ਤੁਰਕ ਫੌਜੀ ਸੇਕ ਵਿਚ ਸੜਨ ਲੱਗੇ।
ਖਾਲ੍ਹੀ ਘੋੜੇ ਸਿੰਘਾਂ ਨੇ ਹੇਠ ਕੀਤੇ, ਸੱਪਾਂ ਵਾਂਗ ਸੀ ਵੈਰੀ ਨੂੰ ਲੜਨ ਲੱਗੇ।
ਹਰਚੰਦ ਸਿੰਘਾ ਬੌਂਦਲੇ ਖ਼ਾਨ-ਗਾਜ਼ੀ, ਸਿੰਘ ਹੋਰ ਵੀ ਤੇਜੀਆਂ ਫੜਨ ਲੱਗੇ॥

1353 ਸਿੰਘਾਂ ਵਾਢ ਤਲਵਾਰ ਦੀ ਪਾ ਦਿੱਤੀ, ਨੇਜੇ ਮਾਰਦੇ ਪੈਰ ਉਹ ਗੱਡ ਕੇ ਜੀ।
ਨਾਲ ਤਾਨ ਦੇ ਖਿੱਚਦੇ ਜਦ ਬਰਛਾ, ਰੁੰਗ ਆਂਦਰਾਂ ਰੱਖਦੇ ਕੱਢ ਕੇ ਜੀ।
ਪਾਣੀ ਪਾਣੀ ਪੁਕਾਰਦੇ ਮਰ ਜਾਂਦੇ, ਤੁਰਕ ਸੌਂਦੇ ਮੂੰਹਾਂ ਨੂੰ ਅੱਡ ਕੇ ਜੀ।
ਹਰਚੰਦ ਸਿੰਘਾ ਠਾਰਦੇ ਸਿੰਘ ਹਿੱਕਾਂ, ਧੌਣਾਂ ਨਾਲ ਕਟਾਰ ਦੇ ਵੱਢ ਕੇ ਜੀ॥

1354 ਸਿਰ ਰੁਲਦੇ ਵਾਂਗ ਮਤੀਰਿਆਂ ਦੇ, ਲੋਥਾਂ ਪਈਆਂ ਨਿਕਲੀ ਜਾਨ ਮੀਆਂ।
ਜਿੱਧਰ ਜਾਂਵਦਾ ਖੋਲ੍ਹਦਾ ਰਾਹ ਜਾਂਦਾ, ਮੌਤ ਬਣਿਆ ਬੰਦਾ ਮਹਾਨ ਮੀਆਂ।
ਆਇਆ ਸਾਹਮਣੇ ਪਾਰ ਬੁਲਾ ਦਿੱਤਾ, ਢੇਰੀ ਕੀਤਾ ਵਿਚ ਮੈਦਾਨ ਮੀਆਂ।
ਲਹੂ ਮਿੱਝ ਦਾ ਉਥੇ ਹਰਚੰਦ ਸਿੰਘਾ, ਚਾਰੋਂ ਪਾਸੇ ਹੋਇਆ ਘਾਣ ਮੀਆਂ॥

1355 ਮਿੱਧ ਮਿੱਧ ਕੇ ਮਾਰਤੇ ਘੋੜਿਆਂ ਨੇ, ਜੋ ਸਹਿਕਦੇ ਵਿੱਚ ਮੈਦਾਨ ਪਏ।
ਜਿਨ੍ਹਾਂ ਕਦੇ ਨਾ ਹਾਰਦੇ ਮੂੰਹ ਵੇਖੇ, ਚਿੱਤ ਹੋਏ ਸੱਯਦ-ਪਠਾਨ ਪਏ।
ਜੋ ਆਏ ਸਿੰਘਾਂ ਨੂੰ ਮਾਰਨੇ ਨੂੰ, ਸਿੰਘਾਂ ਹੱਥੋਂ ਗੁਆਈ ਜਾਨ ਪਏ।
ਚੜ੍ਹ ਮੁਰਦਿਆਂ ਉਤੇ ਗਏ ਮੁਰਦੇ, ਹਰਚੰਦ ਸਿੰਘਾ ਬੇ-ਪਛਾਣ ਪਏ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਵਲਿ ਅਲਹ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ...



ਜਿਸ ਸਰਵ-ਉੱਚ ਸ਼ਕਤੀ ਨੂੰ ਕੋਈ ਰਾਮ, ਕੋਈ ਖ਼ੁਦਾ ਜਾਂ ਗੋਸਾਈਂ ਜਾਂ ਅੱਲਾ ਦਾ ਨਾਂਅ ਲੈ ਕੇ ਯਾਦ ਕਰਦਾ ਹੈ, ਉਸਨੇ ਪਹਿਲਾਂ ਨੂਰ (ਰੂਹ) ਨੂੰ ਪੈਦਾ ਕੀਤਾ ਅਤੇ ਫਿਰ ਮਾਇਆ ਦੇ ਸਭ ਬੰਦੇ ਬਣਾ ਦਿੱਤੇ। ਕਬੀਰ ਸਾਹਿਬ ਕਹਿੰਦੇ ਹਨ ਕਿਉਂਕਿ ਇਸ ਇਕ ਨੂਰ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ, ਇਸ ਲਈ ਸਾਰੇ ਇਕੋ ਜਿਹੇ ਹਨ। ਕੌਣ ਚੰਗਾ ਤੇ ਕੌਣ ਮੰਦਾ ਹੈ, ਸਭ ਬਰਾਬਰ ਹਨ। ਖਾਲਕ ਤੇ ਖਲਕਤ ਇਕ ਦੂਸਰੇ ਵਿਚ ਅਭੇਦ ਹਨ ਅਤੇ ਖਲਕਤ ਦੀ ਹਰ ਸ਼ੈਅ ਵਿਚ ਖ਼ੁਦਾ ਪੂਰਨ ਹੋ ਰਿਹਾ ਹੈ।

**ਅਵਲਿ ਅਲਹ ਨੂਰ ਉਪਾਇਆ, ਕੁਦਰਤ ਕੇ ਸਭ ਬੰਦੇ ॥**
**ਏਕ ਨੂਰ ਤੇ ਸਭ ਜਗੁ ਉਪਜਿਆ, ਕਉਨ ਭਲੇ ਕੋ ਮੰਦੇ ॥**
**ਲੋਗਾ ਭਰਮਿ ਨ ਭੂਲਹੁ ਭਾਈ ॥**
**ਖਾਲਕੁ ਖਲਕ ਖਲਕ ਮਹਿ ਖਾਲਕੁ ਪੂਰਿ ਰਹਿਓ ਸ੍ਰਬ ਠਾਂਈ।**

ਸਾਜਨ ਹਾਰੇ ਨੇ ਇਕ ਮਿੱਟੀ ਤੋਂ ਹੀ ਵੱਖ-ਵੱਖ ਤਰ੍ਹਾਂ ਦੇ ਭਾਂਡੇ (ਜੀਵ) ਬਣਾਏ ਹਨ। ਉਹ ਸਾਜਨ ਹਾਰਾ ਸਾਰਿਆਂ ਦੇ ਵਿਚ ਹੈ ਅਤੇ ਉਸ ਦਾ ਕੀਤਾ ਹੀ ਸਭ ਕੁੱਝ ਹੁੰਦਾ ਹੈ।

**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥**
**ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥**
**ਕਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥**

ਜਦੋਂ ਅੱਵਲ ਅੱਲਾ ਦੇ ਨੂਰ ਤੋਂ ਪੈਦਾ ਹੋਈ ਸ੍ਰਿਸ਼ਟੀ ਸਮਾਨ ਹੈ ਤਾਂ ਊਚ-ਨੀਚ ਜਾਂ ਅਸਮਾਨਤਾ ਕਿਉਂ? ਵੈਸੇ ਤਾਂ ਔਰਤ ਬਹੁਤ ਸਮਿਆਂ ਵਿਚ ਬਹੁਤੇ ਦੇਸ਼ਾਂ ਵਿਚ ਪੁਰਖ ਪ੍ਰਧਾਨ ਸਮਾਜ ਵਿਚ ਪੁਰਖ ਤੋਂ ਨੀਵੀਂ ਰਹੀ ਹੈ ਪ੍ਰੰਤੂ ਗੁਰੂ ਨਾਨਕ ਦੇਵ ਜੀ ਦੇ ਸਮੇਂ ਔਰਤ ਦੀ ਦਸ਼ਾ ਖਾਸੀ ਮਾੜੀ ਹੋਣ ਕਾਰਨ ਇਕ ਨੂਰ ਤੋਂ ਹੀ ਪੈਦਾ ਹੋਣ ਕਾਰਨ, ਇਕ ਨੂਰ ਤੋਂ ਹੀ ਪੈਦਾ ਹੋਈ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾਉਣੀ ਪਈ–

**ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ ॥**



**ਨਵਜੋਤ ਕੌਰ**

ਆਧੁਨਿਕ ਕਾਲ ਦੇ ਕਵੀ ਭਾਈ ਵੀਰ ਸਿੰਘ ਨੂੰ ਕਾਦਰ ਵੀ ਨੂਰ ਅਤੇ ਕਾਦਰ ਦੀ ਰਚਨਾ ਵਿਚ ਵੀ ਉਹ ਹੀ ਨੂਰ ਦਿਖਾਈ ਦਿੰਦਾ ਹੈ–

**'ਨਿਰਾ ਨੂਰ ਤੁਸੀਂ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ।**

**ਕੁਦਰਤ ਦੇ ਕਾਦਰ ਦਾ ਜਲਵਾ ਲੈ ਲੈਂਦਾ ਇਕ ਸਿਜਦਾ।**

ਅੰਗਰੇਜ਼ ਕਵੀ ਜੇਮਜ਼ ਕਿਰਕਪ (James Kirkap) ਨੇ 'ਨੋ ਮੈਨ ਆਰ ਫਾਰਨ (Nomen are foreign) ਵਿਚ ਉਸੇ ਤਰ੍ਹਾਂ ਦੀ ਭਾਵਨਾ ਪ੍ਰਗਟ ਕਰਦਾ ਹੈ ਜੋ ਪੰਜਾਬ ਖਾਸ ਕਰਕੇ ਜੋ ਗੁਰਮਤਿ ਕਵੀ ਜਾਂ ਭਗਤਾਂ ਨੇ ਆਪਣੀਆਂ ਰੂਹਾਨੀ ਰਚਨਾਵਾਂ ਵਿਚ ਕਾਦਰ ਤੇ ਉਸ ਦੀ ਆਪਣੀ ਪ੍ਰਕਿਰਤੀ ਬਾਰੇ ਦਿੱਤੇ ਹਨ। ਕਿਰਕਪ ਲਿਖਦਾ ਹੈ ਕਿ ਅਸੀਂ ਇਕ ਹੀ ਪ੍ਰਮਾਤਮਾ ਦੇ ਬੱਚੇ ਹਾਂ। ਪ੍ਰਿਥਵੀ ਮਨੁੱਖ ਦੀ ਸਾਂਝੀ ਜਾਇਦਾਦ ਹੈ। ਯੁੱਧ ਵਿਚ ਸਾਰੇ ਕਸ਼ਟ ਉਠਾਉਂਦੇ ਹਨ ਅਤੇ ਸ਼ਾਂਤੀ ਵਿਚ ਸਾਰੇ ਖੁਸ਼ਹਾਲ ਰਹਿੰਦੇ ਹਨ। ਸਾਰੇ ਕੱਪੜਿਆਂ ਦੇ ਥੱਲੇ ਉਹੀ ਮਨੁੱਖੀ ਸਰੀਰ ਹੈ। ਜਿਸ ਜ਼ਮੀਨ ਉੱਤੇ ਸਾਡੇ ਦੂਜੇ ਭਰਾ ਚਲਦੇ ਹਨ, ਉਹ ਉਹੋ ਪ੍ਰਿਥਵੀ ਹੈ ਜਿਸ ਵਿਚ ਇਕ ਦਿਨ ਅਸੀਂ ਸਾਰੇ ਸੁਲ੍ਹਾ ਦਿੱਤੇ ਜਾਂਦੇ ਹਾਂ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਦ ਕੋਈ ਸਾਨੂੰ ਆਪਣੇ ਭਰਾਵਾਂ ਨਾਲ ਨਫ਼ਰਤ ਕਰਨ ਦੀ ਸਿੱਖਿਆ ਦੇਵੇ ਤਾਂ ਅਸੀਂ ਆਪਣੇ ਆਪ ਨੂੰ ਹੀ ਲੁਟਦੇ ਹਾਂ, ਧੋਖਾ ਦਿੰਦੇ ਹਾਂ ਅਤੇ ਆਪਣੀ ਹੀ ਨਿੰਦਾ ਕਰਦੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਮਨੁੱਖ ਦੇ ਹਰੇਕ ਪਹਿਰਾਵੇ, ਰਹਿਣ-ਸਹਿਣ ਦੇ ਢੰਗ, ਵੱਖਰੀਆਂ ਵੱਖਰੀਆਂ ਜਾਤਾਂ ਅਤੇ ਧਰਮਾਂ ਨੂੰ 'ਏਕ ਹੀ ਸਰੂਪ ਸੱਭੇ, ਏਕੈ ਜੋਤਿ ਜਾਨਬੋ' ਦਾ ਉਪਦੇਸ਼ ਦਿੰਦੇ ਹਨ–

**ਕੋਈ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ,**
**ਕੋਊ ਬ੍ਰਹਮਚਾਰੀ ਕੋਊ ਜਤੀ ਅਨਮਾਨ ਬੋ।**
**ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,**
**ਮਾਨਸ ਕੀ ਜਾਤਿ ਸਬੈ ਏਕੁ ਪਹਿਚਾਨਬੋ ॥**

ਜਦੋਂ ਸਾਰੇ ਇਕ ਹੀ ਨੂਰ ਦਾ ਹਿੱਸਾ ਹਨ ਤਾਂ ਅਮੀਰ ਤੇ ਗਰੀਬ ਦਾ ਵਿਤਕਰਾ ਕਿਉਂ? ਈਸ਼ਵਰ ਨੇ ਤਾਂ ਸਭ ਨੂੰ ਬਰਾਬਰ ਬਣਾਇਆ ਹੈ। ਭਗਤ ਨਾਮਦੇਵ ਜੀ ਕਹਿੰਦੇ ਹਨ–

**ਸਭੈ ਘਟ ਰਾਮੁ ਬੋਲੈ ਰਾਮਾ ਬੋਲੈ,**
**ਰਾਮ ਬਿਨਾ ਕੋ ਬੋਲੈ ਰੇ ॥**

## ਮੇਰਾ ਵੀਰ

ਦਿਨ ਚੜ੍ਹਿਆ ਰੱਖੜੀ ਵਾਲਾ
ਵੀਰੇ ਨਾਲ ਗਲਵੱਕੜੀ ਵਾਲਾ
ਗੁੱਟ ਤੇ ਰੱਖੜੀ ਸਜਾਉਣੀਆਂ
ਹਰ ਰੀਝ ਦਿਲ ਦੀ ਪੁਗਾਉਣੀ ਏ
ਪੰਜ ਸੋ ਲੈਕੇ ਮੈਂ ਨਹੀਂ ਮੰਨਣਾ
ਨਵੇਂ ਫੋਨ ਦੀ ਫਰਮਾਇਸ਼? ਪਾਉਣੀ ਏ
ਪਰ ਸਾਡੇ ਲਈ ਤਾਂ ਆਭਾਗਾ ਦਿਨ ਹੈ
ਬੇਬੇ ਬਾਪੂ ਨੇ ਤਾਂ ਰੋ ਵੀ ਲਿਆ ਏ
ਮੈਨੂੰ ਤਾਂ ਯਾਦ ਹੀ ਨਹੀਂ ਰਿਹਾ ਸੀ
ਮੇਰਾ ਵੀਰ ਤਾਂ ਰੱਬ ਨੇ ਦੇ ਕੇ
ਸਾਡੇ ਤੋਂ ਖੋਹ ਵੀ ਲਿਆ ਏ
ਮੇਰੀ ਚੰਗੀ ਕਿਸਮਤ ਨਹੀਂ
ਮੈਂ ਭੈਣ ਹਾਂ ਟੁੱਟੀ ਤਕਦੀਰ ਵਾਲੀ
ਰਿਸ਼ਤੇ ਤਾਂ ਇਥੇ ਹੋਰ ਬੜੇ ਨੇ
ਪਰ ਗੱਲ ਬਣਦੀ ਨੀ ਮੇਰੇ ਵੀਰ ਵਾਲੀ
ਮੇਰੇ ਨਾਲ ਹੁਣ ਲੜੇਗਾ ਕੌਣ
ਬਣ ਪਰਬਤ ਮੇਰੇ ਪਿੱਛੇ ਖੜੇਗਾ ਕੌਣ
ਜਦ ਵੀ ਮੈਂ ਹੁਣ ਪੋਚਾ ਲਾਉਣਾ
ਚੱਪਲਾਂ ਲੈ ਕੇ ਅੰਦਰ ਬੜੇ ਗਾ ਕੌਣ
ਜਦ ਬੂਹੇ ਅੱਗਿਓਂ ਮੇਰੀ ਡੋਲੀ ਤੁਰਨੀ
ਖੜ ਕਾਰ ਕੋਲ ਅੱਖਾਂ ਭਰੇਗਾ ਕੌਣ
ਮਨ ਭਰੇ ਭਰੇ ਨਾਲ ਰੱਬ ਦੇ ਭਾਣੇ
ਮੰਨ ਰਹੀ ਆ
ਤੂੰ ਜਿੱਥੇ ਵੀ ਏ ਵੀਰੇ ਖੁਸ਼ੀ ਰਹੀ
ਤੇਰੇ ਹਿੱਸੇ ਦਾ ਧਾਗਾ
ਤੇਰੇ ਮੋਟਰ ਸਾਇਕਲ ਦੇ ਹੈਂਡਲ ਨੂੰ ਬੰਨ੍ਹ ਰਹੀ ਆ

**ਮਨਦੀਪ ਖਾਨਪੁਰੀ**
**ਖਾਨਪੁਰ ਸਹੋਤਾ ਹੁਸ਼ਿਆਰਪੁਰ**
**9779179060**





# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ ) ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 604-901-9044

may 07

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'9", ਕਲੀਨ ਸ਼ੇਵ, ਲੜਕੇ ਦਾ ਆਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ap 23

### ਲੜਕੀ ਦੀ ਲੋੜ

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

### ਲੜਕੀ ਦੀ ਲੋੜ

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਲਟਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ ੨੯ ਸਾਲ, ਕੱਦ ੫ ਫੁੱਟ ੬ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

### ਲੜਕੀ ਦੀ ਲੋੜ

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜ਼ਨਸ ਵਿੱਚ ਮੈਨੇਜਰ, ਇੰਡੀਆ 'ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟੱਡੀ ਵੀਜ਼ਾ, ਵਰਕ ਵੀਜ਼ਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾਂ ਵਿਚੋਂ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸੰਪਰਕ ਕਰੋ- ਫੋਨ ਨੰਬਰ 77837 89444

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ।

ਚਾਹਵਾਨ ਸੰਪਰਕ ਕਰਨ-604-842-4990, +91-98550-00731 (ਸਿਰਫ ਵਟਸਐਪ)

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿੱਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ ਕਰੋ: 604-307-7008

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-339-2389

S K Framing ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

## EMPLOYMENTS

### ਵਰਕਰਾਂ ਦੀ ਲੋੜ

S K Framing ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।

ਅੱਜ ਹੀ ਸੰਪਰਕ ਕਰੋ:

ਸਾਹਿਬ ਸਿੰਘ : 778-863-9000

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ।ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ਼ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ।ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਆਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਓ। ਹੋਰ ਜਾਣਕਾਰੀ ਲਈ ਸੰਪਰਕ ਕਰ:604-298-5000

ap 23




# ਖ਼ਰਾਬ ਮੌਸਮ 'ਚ ਪੈਰਾਂ ਦੀ ਖ਼ਾਸ ਦੇਖਭਾਲ

ਦਰਅਸਲ ਮੀਂਹ ਦੇ ਮੌਸਮ ਵਿਚ ਜ਼ਮੀਨ ਅਤੇ ਹਵਾ ਦੋਵਾਂ ਵਿਚ ਕਾਫ਼ੀ ਜ਼ਿਆਦਾ ਨਮੀ ਹੁੰਦੀ ਹੈ। ਇਸ ਵਜ੍ਹਾ ਕਰਕੇ ਪੈਰਾਂ ਦੀਆਂ ਉਂਗਲੀਆਂ ਵਿਚਾਲੇ, ਨਹੁੰਆਂ ਦੇ ਕੋਨਿਆਂ ਵਿਚ ਅਕਸਰ ਬੈਕਟੀਰੀਆ ਅਤੇ ਫੰਗਸ ਪੈਦਾ ਹੋ ਜਾਂਦੀ ਹੈ। ਇਹ ਸਮੱਸਿਆ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਤਾਉਂਦੀ ਹੈ, ਜਿਨ੍ਹਾਂ ਨੂੰ ਆਪਣੇ ਪੈਰਾਂ ਦੀ ਪਰਵਾਹ ਨਹੀਂ ਹੁੰਦੀ।



ਤੁਹਾਨੂੰ ਇਸ ਤਰ੍ਹਾਂ ਦੇ ਲੋਕਾਂ ਵਿਚ ਸ਼ਾਮਿਲ ਨਾ ਹੋਣਾ ਪਵੇ, ਇਸ ਲਈ ਇਨ੍ਹੀਂ ਦਿਨੀਂ ਪੈਰਾਂ ਲਈ ਹੇਠ ਦੱਸੇ ਅਨੁਸਾਰ ਕਰਨਾ ਜ਼ਰੂਰੀ ਹੈ।

• ਇਸ ਮੌਸਮ ਵਿਚ ਪੈਰਾਂ ਨੂੰ ਰੋਜ਼ਾਨਾ ਘੱਟ ਤੋਂ ਘੱਟ ਤਿੰਨ ਵਾਰ ਧੋਣਾ ਚਾਹੀਦਾ ਹੈ। ਵਿਸ਼ੇਸ਼ ਤੌਰ 'ਤੇ ਅੱਡੀਆਂ ਨੂੰ ਬਹੁਤ ਰਗੜ ਕੇ ਸਾਫ਼ ਕਰਨਾ ਚਾਹੀਦਾ ਹੈ ਤਾਂ ਕਿ ਪੈਰ ਮੁਲਾਇਮ ਰਹਿਣ। ਜੇਕਰ ਦਿਨ ਵਿਚ ਪੈਰਾਂ ਦੀ ਦੇਖਭਾਲ ਦਾ ਇਹ ਮੌਕਾ ਨਾ ਮਿਲੇ ਤਾਂ ਰਾਤ ਨੂੰ ਇਨ੍ਹਾਂ ਦੀ ਵਾਧੂ ਦੇਖਭਾਲ ਕਰੋ। ਜਦੋਂ ਸੌਣ ਜਾਓ ਤਾਂ ਪੈਰ ਧੋ ਕੇ ਹੀ ਬਿਸਤਰ 'ਤੇ ਜਾਓ ਅਤੇ ਹਾਂ, ਮਾਸਚਰਾਈਜ਼ਰ ਲਗਾਉਣਾ ਨਾ ਭੁੱਲੋ।

• ਨਹੁੰਆਂ ਨੂੰ ਵੀ ਇਨ੍ਹੀਂ ਦਿਨੀਂ ਵਾਧੂ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ, ਕਿਉਂਕਿ ਜੇਕਰ ਇਨ੍ਹਾਂ ਵਿਚ ਗੰਦਗੀ ਜਮ੍ਹਾਂ ਹੁੰਦੀ ਰਹੇ ਤਾਂ ਇਹ ਬੈਕਟੀਰੀਆ ਨੂੰ ਸੱਦਾ ਦਿੰਦੇ ਹਨ। ਜਦੋਂ ਲੱਗੇ ਕਿ ਇਸ ਮੌਸਮ ਵਿਚ ਪੈਰਾਂ ਵਿਚ ਹਲਕੀ ਜਿਹੀ ਸੋਜ਼ ਹੈ ਤਾਂ ਇਸ ਦੀ ਅਣਦੇਖੀ ਨਾ ਕਰੋ। ਫਟਕੜੀ ਵਾਲੇ ਗਰਮ ਪਾਣੀ ਵਿਚ ਕਰੀਬ 15 ਤੋਂ 20 ਮਿੰਟ ਤੱਕ ਪੈਰਾਂ ਨੂੰ ਡੁਬੋ ਕੇ ਰੱਖੋ। ਜੇਕਰ ਸੋਜ਼ ਜ਼ਿਆਦਾ ਹੋਵੇ ਤਾਂ ਇਸ ਨੂੰ ਹਫ਼ਤੇ ਵਿਚ ਤਿੰਨ ਚਾਰ ਵਾਰ ਦੁਹਰਾਓ। ਇਸ ਨਾਲ ਪੈਰਾਂ ਦੀ ਸੋਜ਼ ਖ਼ਤਮ ਹੋਵੇਗੀ ਅਤੇ ਆਰਾਮ ਮਿਲੇਗਾ। ਜੇ ਇਸ ਤਰ੍ਹਾਂ ਨਾ ਹੋਵੇ ਤਾਂ ਡਾਕਟਰ ਨੂੰ ਮਿਲੋ।

• ਰਿਮਝਿਮ ਮੀਂਹ ਪੈ ਰਿਹਾ ਹੋਵੇ ਤਾਂ ਕਈ ਵਾਰ ਭਿੱਜਣ ਨੂੰ ਬਹੁਤ ਦਿਲ ਕਰਦਾ ਹੈ ਪਰ ਜਦੋਂ ਮੀਂਹ ਵਿਚ ਭਿੱਜਣ ਦਾ ਮਨ ਕਰੇ ਤਾਂ ਇਕ ਵਾਰ ਪੈਰਾਂ ਬਾਰੇ ਜ਼ਰੂਰ ਸੋਚ ਲਓ, ਕਿਉਂਕਿ ਸਾਡੇ ਸਿਰ, ਚਿਹਰੇ ਅਤੇ ਸਰੀਰ 'ਤੇ ਤਾਂ ਕੁਦਰਤ ਦੀਆਂ ਬੂੰਦਾਂ ਡਿਗਦੀਆਂ ਹਨ ਪਰ ਪੈਰਾਂ ਨੂੰ ਇਨਸਾਨੀ ਹਰਕਤਾਂ ਨਾਲ ਖ਼ਰਾਬ ਹੋਏ ਵਾਤਾਵਰਨ ਕਾਰਨ ਗੰਦੇ ਪਾਣੀ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਦਰਅਸਲ ਮੀਂਹ ਦੇ ਦਿਨਾਂ ਵਿਚ ਜ਼ਮੀਨ 'ਤੇ ਇਕੱਠੇ ਹੋਏ ਜਿਸ ਪਾਣੀ ਦੇ ਸੰਪਰਕ ਵਿਚ ਪੈਰ ਆਉਂਦੇ ਹਨ, ਉਹ ਬਹੁਤ ਗੰਦਾ ਹੁੰਦਾ ਹੈ। ਉਸ ਵਿਚ ਜ਼ਿਆਦਾ ਦੇਰ ਤੱਕ ਪੈਰ ਰੱਖਣ ਨਾਲ ਕਈ ਤਰ੍ਹਾਂ ਦੇ ਇੰਫੈਕਸ਼ਨ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ।

• ਕਈ ਵਾਰ ਜ਼ਿਆਦਾ ਦੇਰ ਤੱਕ ਮੀਂਹ ਦੇ ਪਾਣੀ ਵਿਚ ਪੈਰ ਰੱਖਣ ਨਾਲ ਪੈਰਾਂ 'ਤੇ ਮੋਟੇ-ਮੋਟੇ ਦਾਣੇ ਨਿਕਲ ਆਉਂਦੇ ਹਨ। ਇਸ ਲਈ ਮੀਂਹ ਦੇ ਪਾਣੀ ਤੋਂ ਪੈਰਾਂ ਨੂੰ ਬਚਾਉਣਾ ਜ਼ਰੂਰੀ ਹੈ। ਮੀਂਹ ਦੇ ਮੌਸਮ ਵਿਚ ਸਿਰਫ਼ ਸਾਦੇ ਪਾਣੀ ਨਾਲ ਹੀ ਪੈਰਾਂ ਨੂੰ ਨਹੀਂ ਧੋਣਾ ਚਾਹੀਦਾ, ਸਗੋਂ ਪੈਰਾਂ ਨੂੰ ਕੋਸੇ ਤੇ ਸਾਬਣ ਵਾਲੇ ਪਾਣੀ ਨਾਲ ਵੀ ਪੈਰਾਂ ਨੂੰ ਸਾਫ਼ ਕਰਨਾ ਚਾਹੀਦਾ ਅਤੇ ਇਸ ਤੋਂ ਬਾਅਦ ਠੰਢੇ ਪਾਣੀ ਨਾਲ ਧੋਣਾ ਚਾਹੀਦਾ ਹੈ। ਇਸ ਤੋਂ ਬਾਅਦ ਸੁੱਕੇ ਤੌਲੀਏ ਨਾਲ ਪੈਰ ਪੂੰਝੋ ਅਤੇ ਫਿਰ ਪੈਰਾਂ 'ਤੇ ਕ੍ਰੀਮ ਲਗਾ ਕੇ ਮਸਾਜ ਕਰੋ। ਇਸ ਨਾਲ ਪੈਰ ਸਿਹਤਮੰਦ ਅਤੇ ਮੁਲਾਇਮ ਹੀ ਨਹੀਂ ਰਹਿਣਗੇ, ਸਗੋਂ ਬੇਹੱਦ ਚਿਕਨਾਈ ਵਾਲੇ ਅਤੇ ਆਕਰਸ਼ਕ ਬਣਨਗੇ ਹਨ। ਇਸ ਮੌਸਮ ਵਿਚ ਭੁੱਲ ਕੇ ਵੀ ਮੈਲੀਆਂ ਜੁਰਾਬਾਂ ਨਾ ਪਾਓ। ਇਸ ਨਾਲ ਵੀ ਇੰਫੈਕਸ਼ਨ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਮੌਸਮ ਵਿਚ ਜੇਕਰ ਅਸੀਂ ਜ਼ਿਆਦਾ ਦੇਰ ਤੱਕ ਗਿੱਲੇ ਰਹਿੰਦੇ ਹਾਂ ਅਤੇ ਪੈਰਾਂ ਦੀ ਸਹੀ ਸਫ਼ਾਈ ਵੀ ਨਹੀਂ ਹੁੰਦੀ ਤਾਂ ਉਨ੍ਹਾਂ ਵਿਚ ਫੰਗਸ ਲਗ ਜਾਂਦੀ ਹੈ। ਇਸ ਤਰ੍ਹਾਂ ਪੈਰਾਂ ਵਿਚ ਕੈਂਡੀਡਾਇਓਸਿਸ ਬਿਮਾਰੀ ਦੇ ਹੋਣ ਦਾ ਖ਼ਤਰਾ ਦੇਖਿਆ ਗਿਆ ਹੈ। ਇਹ ਬਿਮਾਰੀ ਨਮੀ ਵਾਲੇ ਵਾਤਾਵਰਨ ਜਾਂ ਵਾਰ-ਵਾਰ ਪੈਰਾਂ ਦੇ ਗਿੱਲੇ ਹੋਣ ਕਾਰਨ ਹੁੰਦੀ ਹੈ। ਪਾਣੀ ਵਿਚ ਭਾਵੇਂ ਤੁਸੀਂ ਇਸ ਮੌਸਮ ਵਿਚ ਕਈ ਘੰਟੇ ਬਿਤਾਓ, ਪਰ ਜੇਕਰ ਆਪਣੀਆਂ ਜੁੱਤੀਆਂ ਪਾ ਰੱਖੀਆਂ ਹਨ ਅਤੇ ਕਈ ਘੰਟਿਆਂ ਤੋਂ ਉਨ੍ਹਾਂ ਵਿਚ ਪਾਣੀ ਭਰਿਆ ਹੋਇਆ ਹੈ ਤਾਂ ਇਹ ਪੈਰਾਂ ਲਈ ਬਹੁਤ ਖ਼ਰਾਬ ਹੈ। ਜੁੱਤੀਆਂ ਵਿਚ ਪਾਣੀ ਇਸ ਮੌਸਮ ਵਿਚ ਬਿਲਕੁਲ ਨਹੀਂ ਰੁਕਣਾ ਚਾਹੀਦਾ ਅਤੇ ਹਾਂ, ਇਸ ਮੌਸਮ ਵਿਚ ਹਮੇਸ਼ਾ ਚੰਗੀਆਂ ਜੁੱਤੀਆਂ ਪਾਉਣੀਆਂ ਚਾਹੀਦੀਆਂ ਹਨ ਜੋ ਹਵਾਦਾਰ ਹੋਣ ਤਾਂ ਕਿ ਪੈਰ ਸੁੱਕੇ ਰਹਿਣ।

—ਅੰਜੂਲਾ ਵਰਮਾ

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com




# ਜੜ੍ਹੋਂ ਖ਼ਤਮ ਕੀਤਾ ਜਾ ਸਕਦੈ ਥਾਇਰਾਇਡ ਰੋਗ

ਡਾ: ਜਸਵਿੰਦਰ ਸਿੰਘ ਭੰਡਾਲ

ਥਾਇਰਾਇਡ ਰੋਗ ਗਲੇ ਦਾ ਰੋਗ ਹੈ। ਥਾਇਰਾਇਡ ਇੱਕ ਗ੍ਰੰਥੀ ਦਾ ਨਾਂਅ ਹੈ ਜੋ ਸਾਡੇ ਗਲੇ ਵਿੱਚ ਹੁੰਦੀ ਹੈ। ਇਸ ਵਿਚੋਂ ਜਿਹੜੇ ਹਾਰਮੋਨ ਪੈਦਾ ਹੁੰਦੇ ਹਨ ਉਹ ਸਾਡੇ ਸਰੀਰ ਦੀਆਂ ਬਹੁਤ ਸਾਰੀਆਂ ਕ੍ਰਿਆਵਾਂ ਵਿੱਚ ਸਹਾਈ ਹੁੰਦੇ ਹਨ। ਜਦੋਂ ਇਹ ਹਾਰਮੋਨ ਅਸੰਤੁਲਿਤ ਰੂਪ ਵਿੱਚ ਪੈਦਾ ਹੁੰਦੇ ਹਨ ਤਾਂ ਉਦੋਂ ਥਾਇਰਾਇਡ ਰੋਗ ਜਨਮ ਲੈਂਦਾ ਹੈ।

## ਕਾਰਨ

ਥਾਇਰਾਇਡ ਚਿੰਤਾ ਨਾਲ ਹੁੰਦਾ ਹੈ, ਜਦੋਂ ਕਿਸੇ ਇਨਸਾਨ ਦੀਆਂ ਭਾਵਨਾਵਾਂ ਦੀ ਕਦਰ ਨਹੀਂ ਹੁੰਦੀ ਤਾਂ ਸੱਚਮੁੱਚ ਉਸ ਦਾ ਖ਼ੂਨ ਮੱਚਦਾ ਹੈ ਜਾਂ ਜਦੋਂ ਕੋਈ ਦੂਸਰਾ ਉਸ ਦਾ ਖ਼ੂਨ ਪੀਂਦਾ ਹੈ ਤਾਂ ਅਨੀਮੀਆ ਹੋਣਾ ਸੁਭਾਵਿਕ ਹੈ। ਜ਼ਿਆਦਾ ਹਾਰਮੋਨ ਦਾ ਸੇਵਨ, ਸਿਰ ਵਿੱਚ ਸੱਟ ਲੱਗਣ ਕਾਰਨ ਜਾਂ ਪਿਚੂਟਰੀ ਗ੍ਰੰਥੀ ਦੇ ਵਿੱਚ ਰਸੌਲੀ ਕਾਰਨ ਵੀ ਇਹ ਰੋਗ ਹੋ ਸਕਦਾ ਹੈ।

## ਕਿਸ ਨੂੰ ?

ਇਹ ਬਿਮਾਰੀ ਜ਼ਿਆਦਾਤਰ ਔਰਤਾਂ ਵਿੱਚ ਵੇਖਣ ਨੂੰ ਮਿਲਦੀ ਹੈ। ਮਰਦਾਂ ਵਿੱਚ ਇਸ ਬਿਮਾਰੀ ਦੇ ਕੇਸ ਬਹੁਤ ਘੱਟ ਪਾਏ ਜਾਂਦੇ ਹਨ। ਕੁਆਰੀਆਂ ਕੁੜੀਆਂ ਜਾਂ ਬੱਚਿਆਂ ਵਿੱਚ ਤਾਂ ਥਾਇਰਾਇਡ ਦੇ ਉਹੀ ਕੇਸ ਮਿਲਦੇ ਹਨ ਜਿਥੇ ਇਹ ਰੋਗ ਜੱਦੀ ਪੁਸ਼ਤੀ ਹੁੰਦਾ ਹੈ।

## ਔਰਤ ਕਿਉਂ ?


ਇਹ ਰੋਗ ਵਧੇਰੇ ਕਰ ਕੇ ਔਰਤਾਂ ਵਿੱਚ ਹੀ ਹੁੰਦਾ ਹੈ ਕਿਉਂਕਿ ਔਰਤਾਂ ਵਿੱਚ ਈਰਖਾ, ਚਿੰਤਾ ਅਤੇ ਗੁੱਸਾ ਪੀਣ ਦੀ ਸਮਰੱਥਾ ਮਰਦਾਂ ਨਾਲੋਂ ਜ਼ਿਆਦਾ ਹੁੰਦੀ ਹੈ। ਜਿਹੜੀਆਂ ਔਰਤਾਂ ਆਪਣੀ ਜ਼ਿੰਦਗੀ ਵਿੱਚ ਚਿੰਤਾਗ੍ਰਸਤ ਰਹਿੰਦੀਆਂ ਹਨ, ਨੂੰ ਇਹ ਸਮੱਸਿਆ ਹੋ ਸਕਦੀ ਹੈ। ਪਰ ਵਿਆਹ ਤੋਂ ਬਾਅਦ ਵਾਲਾ ਜੀਵਨ ਆਮ ਤੌਰ 'ਤੇ ਜ਼ਿਆਦਾ ਤਣਾਅਗ੍ਰਸਤ ਹੋਣ ਕਰ ਕੇ ਇਹ ਰੋਗ ਸਹਿਜੇ ਹੀ ਉਤਪੰਨ ਹੋ ਸਕਦਾ ਹੈ। ਨੂੰਹ-ਸੱਸ ਦੀ ਇੱਕ ਦੂਸਰੇ ਪ੍ਰਤੀ ਨੋਕ-ਝੋਕ, ਪਤੀ-ਪਤਨੀ ਦਾ ਆਪਸੀ ਤਕਰਾਰ ਜਾਂ ਹੋਰ ਕਈ ਤਰ੍ਹਾਂ ਦੀਆਂ ਘਰੇਲੂ ਸਮੱਸਿਆਵਾਂ ਇਸ ਰੋਗ ਦਾ ਪ੍ਰਮੁੱਖ ਕਾਰਨ ਹਨ। ਜਿਹੜੀਆਂ ਔਰਤਾਂ ਆਪਣੇ ਗੁੱਸੇ ਨੂੰ ਜ਼ਾਹਿਰ ਕਰ ਦਿੰਦੀਆਂ ਹਨ ਉਹ ਇਸ ਰੋਗ ਤੋਂ ਬਚ ਜਾਂਦੀਆਂ ਹਨ ਪਰ ਜਿਹੜੀਆਂ ਔਰਤਾਂ ਗੁੱਸੇ ਨੂੰ ਵਿਚੇ ਵਿੱਚ ਜਜ਼ਬ ਕਰ ਲੈਂਦੀਆਂ ਹਨ ਜਾਂ ਗੁੱਸਾ ਦਬਾ ਲੈਂਦੀਆਂ ਹਨ ਉਹ ਥਾਇਰਾਇਡ ਦਾ ਸ਼ਿਕਾਰ ਹੋ ਜਾਂਦੀਆਂ ਹਨ।

## ਇਲਾਜ

• ਪੁਰਾਣੇ ਸਮੇਂ 'ਚ ਮਸਾਲਿਆਂ ਦੀ ਲੂਣਦਾਨੀ ਵਿਚ ਸਮੁੰਦਰੀ ਨਮਕ ਦੀ ਥਾਂ ਪਹਾੜੀ ਨਮਕ ਹੁੰਦਾ ਸੀ, ਜੋ ਗੁਣਾਂ ਨਾਲ ਭਰਪੂਰ ਹੁੰਦਾ ਸੀ, ਸਾਡੇ ਬਜ਼ੁਰਗ ਇਨ੍ਹਾਂ ਦੀ ਵਰਤੋਂ ਕਰਦੇ ਸਨ ਤਾਂ ਹੀ ਤਾਂ ਉਹ ਅਜਿਹੇ ਰੋਗਾਂ ਤੋਂ ਮੁਕਤ ਹਨ। ਅੱਜ ਹੀ ਆਪਣੇ ਘਰ ਦੀ ਰਸੋਈ ਵਿਚ ਪਹਾੜੀ ਨਮਕ ਦੀ ਵਰਤੋਂ ਕਰਨੀ ਸ਼ੁਰੂ ਕਰ ਦਿਉ। ਲਗਾਤਾਰ 10-12 ਮਹੀਨੇ ਵਰਤੋਂ ਕਰਨ ਨਾਲ ਥਾਇਰਾਇਡ ਰੋਗ ਜੜ੍ਹੋਂ ਖ਼ਤਮ ਕੀਤਾ ਜਾ ਸਕਦਾ ਹੈ।

• ਥਾਇਰਾਇਡ ਰੋਗ ਵਿਚ ਜਿੱਥੇ ਮੋਟਾਪਾ ਵਧਦਾ ਜਾਂਦਾ ਹੈ ਅਤੇ ਘਟਦਾ ਜਾਂਦਾ ਹੈ, ਉੱਥੇ ਹੀ ਨਾਲ-ਨਾਲ ਆਵਾਜ਼ 'ਚ ਫਰਕ ਹੋਣਾ, ਸਿਰ ਦੇ ਵਾਲ ਝੜਨੇ, ਚਮੜੀ ਦਾ ਰੁੱਖਾਪਣ, ਥਕਾਵਟ, ਜ਼ਿਆਦਾ ਠੰਢ ਲੱਗਣੀ, ਮੂੰਹ ਦਾ ਭਾਰਾਪਣ, ਕਬਜ਼, ਸੋਜ਼, ਮਾਸਪੇਸ਼ੀਆਂ ਸਬੰਧੀ ਥਕਾਵਟ ਅਤੇ ਤਣਾਅ ਵੱਧਦਾ ਜਾਂਦਾ ਹੈ। ਐਲੋਪੈਥੀ ਵਿਚ ਇਸ ਰੋਗ ਦਾ ਸਥਾਈ ਇਲਾਜ ਕੋਈ ਨਹੀਂ ਹੈ ਸਗੋਂ ਸਾਰੀ ਉਮਰ ਦਵਾਈ ਖਾਣੀ ਪੈਂਦੀ ਹੈ। ਇਨ੍ਹਾਂ ਦਵਾਈਆਂ ਦੇ ਲਗਾਤਾਰ ਸੇਵਨ ਨਾਲ ਸਰੀਰ ਨੂੰ ਹੋਰ ਕਈ ਤਰ੍ਹਾਂ ਦੇ ਰੋਗ ਲੱਗ ਜਾਂਦੇ ਹਨ। ਭਾਰਤ ਦੀ ਆਯੁਰੇਵਦ ਤੇ ਯੋਗ ਪ੍ਰਣਾਲੀ ਰਾਹੀਂ ਇਹ ਰੋਗ ਕੁੱਝ ਹੀ ਮਹੀਨਿਆਂ ਵਿਚ ਠੀਕ ਕੀਤਾ ਜਾ ਸਕਦਾ ਹੈ।

• ਥਾਇਰਾਇਡ ਦੇ ਰੋਗੀ ਨੂੰ ਦਿਨ 'ਚ ਘੱਟੋ-ਘੱਟ ਇਕ ਘੰਟਾ ਕਸਰਤ ਜਾਂ ਸੈਰ ਕਰਨੀ ਚਾਹੀਦੀ ਹੈ ਤੇ ਨਾਲ ਯੋਗ ਅਭਿਆਸ ਕਰਨਾ ਚਾਹੀਦਾ ਹੈ। ਯੋਗ ਵਿਚ ਉਜਾਈ ਪ੍ਰਾਣਾਯਾਮ ਥਾਇਰਾਇਡ ਰੋਗ ਲਈ ਬਹੁਤ ਲਾਭਕਾਰੀ ਹੈ।




AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.



Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com

# ਮੈਂ 'ਸੋਲਾਂ ਕਲਾ ਸੰਪੂਰਨ' ਨਹੀਂ ਹਾਂ-ਆਮਿਰ ਖਾਨ



ਮੁੰਬਈ-ਬੌਲੀਵੁੱਡ ਅਦਾਕਾਰ ਆਮਿਰ ਖਾਨ ਨੂੰ ਹਰ ਕੰਮ ਕਰਨ ਦੇ 'ਸਮਰੱਥ' ਹੋਣ ਵਜੋਂ ਜਾਣਿਆ ਜਾਂਦਾ ਹੈ ਪਰ ਅਦਾਕਾਰ ਵੱਲੋਂ ਹਾਲ ਹੀ ਵਿੱਚ ਸੋਸ਼ਲ ਮੀਡੀਆ 'ਤੇ ਪਾਈ ਪੋਸਟ ਨੇ ਉਸ ਦੇ ਚਾਹੁਣ ਵਾਲਿਆਂ ਨੂੰ ਹੈਰਾਨ ਕਰ ਦਿੱਤਾ ਹੈ। ਆਮਿਰ ਖਾਨ ਨੇ ਆਖਿਆ ਕਿ ਉਹ ਇਸ ਗੱਲ ਵਿੱਚ ਭਰੋਸਾ ਨਹੀਂ ਰੱਖਦਾ ਕਿ ਉਹ 'ਸੋਲਾਂ ਕਲਾ ਸੰਪੂਰਨ' ਹੈ। ਆਪਣੀ ਆਉਣ ਵਾਲੀ ਫ਼ਿਲਮ 'ਲਾਲ ਸਿੰਘ ਚੱਢਾ' ਦੇ ਪ੍ਰਚਾਰ ਵਿੱਚ ਰੁੱਝੇ ਆਮਿਰ ਖਾਨ ਨੇ ਆਖਿਆ ਕਿ ਉਹ 'ਗਿਣਤੀ' ਨਾਲੋਂ 'ਮਿਆਰ' ਵਿੱਚ ਭਰੋਸਾ ਰੱਖਦਾ ਹੈ। ਅਦਾਕਾਰ ਨੇ ਆਖਿਆ,"ਮੈਂ ਇਸ ਗੱਲ 'ਚ ਭਰੋਸਾ ਨਹੀਂ ਕਰਦਾ ਕਿ ਮੈਂ ਹਰ ਕੰਮ ਕਰਨ ਦੇ ਸਮਰੱਥ ਹਾਂ ਕਿਉਂਕਿ ਕਿਸੇ ਤਰੁਟੀ ਵਿੱਚ ਵੀ ਬਹੁਤ ਕੁਝ ਚੰਗਾ ਹੁੰਦਾ ਹੈ। ਇਸ ਲਈ ਮੈਂ ਨਹੀਂ ਮੰਨਦਾ ਕਿ ਮੈਂ ਸੋਲਾਂ ਕਲਾ ਸੰਪੂਰਨ ਹਾਂ। ਮੇਰਾ ਮੰਨਣਾ ਹੈ ਕਿ ਮੈਨੂੰ ਇਹ ਲਕਬ ਮੀਡੀਆ ਨੇ ਦਿੱਤਾ ਸੀ ਕਿਉਂਕਿ ਮੇਰੇ ਕੋਲ ਬਹੁਤ ਲੰਮਾ ਸਮਾਂ ਕੋਈ ਫ਼ਿਲਮ ਨਹੀਂ ਸੀ ਅਤੇ ਨਾ ਹੀ ਕੋਈ ਕੰਮ ਸੀ।" ਫ਼ਿਲਮ 'ਲਗਾਨ' ਬਾਰੇ ਗੱਲਬਾਤ ਕਰਦਿਆਂ ਆਮਿਰ ਨੇ ਆਖਿਆ ਕਿ ਇਸ ਫ਼ਿਲਮ ਵਿੱਚ ਵਰਤਿਆ ਗਿਆ ਬੱਲਾ ਨਿਤਿਨ ਦੇਸਾਈ ਨੇ ਡਿਜ਼ਾਈਨ ਕੀਤਾ ਸੀ ਅਤੇ ਇਹ ਮਹਿਜ਼ ਇਕ ਹੀ ਪੀਸ ਸੀ। ਉਸ ਨੇ ਆਖਿਆ ਕਿ ਇਹ ਆਮ ਬੱਲੇ ਨਾਲੋਂ ਕਾਫੀ ਭਾਰਾ ਸੀ ਅਤੇ ਇਸ ਨਾਲ ਬੱਲੇਬਾਜ਼ੀ ਕਰਨਾ ਕਾਫੀ ਔਖਾ ਸੀ।

## ਕਿਰਨ ਰਾਓ ਦੀ ਨਿਰਦੇਸ਼ਕ ਵਜੋਂ ਵਾਪਸੀ

ਨਿਰਮਾਤਾ ਅਤੇ ਨਿਰਦੇਸ਼ਕ ਕਿਰਨ ਰਾਓ ਨੇ ਆਪਣੇ ਫਿਲਮੀ ਸਫ਼ਰ ਦੀ ਸ਼ੁਰੂਆਤ 'ਲਗਾਨ' ਦੇ ਸੈੱਟ ਤੋਂ ਸਹਾਇਕ ਵਜੋਂ ਕੀਤੀ ਸੀ। ਕਿਰਨ ਨੇ ਦਹਾਕੇ ਬਾਅਦ ਫ਼ਿਲਮ 'ਧੋਬੀ ਘਾਟ' ਤੋਂ ਨਿਰਦੇਸ਼ਨ ਦੀ ਸ਼ੁਰੂਆਤ ਕੀਤੀ ਸੀ। ਹੁਣ 11 ਸਾਲ ਬਾਅਦ ਉਸ ਦੀ ਨਵੀਂ ਫਿਲਮ 'ਲਾਪਤਾ ਲੇਡੀਜ਼' ਆ ਰਹੀ ਹੈ। ਫਿਲਮ ਨਿਰਮਾਤਾ ਕਹਾਣੀ ਬਾਰੇ ਜ਼ਿਆਦਾ ਜ਼ਿਕਰ ਨਹੀਂ ਕਰ ਰਹੇ। ਇਹ ਫਿਲਮ ਸਾਲ 2001 ਦੇ ਸਮੇਂ ਦੀ ਭਾਰਤ ਦੇ ਇੱਕ ਪੇਂਡੂ ਇਲਾਕੇ ਦੀ ਕਹਾਣੀ ਹੈ। ਇਸ ਵਿੱਚ ਦੋ ਦੁਲਹਨਾਂ ਰੇਲ ਗੱਡੀ ਵਿੱਚੋਂ ਗੁਆਚ ਜਾਂਦੀਆਂ ਹਨ। ਫਿਲਮ ਦੇ ਮੁੱਖ ਕਿਰਦਾਰਾਂ ਵਿੱਚ ਸਪਰਸ਼ ਸ਼੍ਰੀਵਾਸਤਵਾ, ਰਵੀ ਕਿਸ਼ਨ, ਛਾਇਆ ਕਦਮ ਨਜ਼ਰ ਆਉਣਗੇ।







# ਕਾਮੇਡੀਅਨ ਰਾਜੂ ਸ੍ਰੀਵਾਸਤਵ ਨੂੰ ਦਿਲ ਦਾ ਦੌਰਾ ਪਿਆ



ਚੰਡੀਗੜ੍ਹ-ਕਾਮੇਡੀਅਨ ਅਤੇ ਅਦਾਕਾਰ ਰਾਜੂ ਸ੍ਰੀਵਾਸਤਵ ਨੂੰ ਅੱਜ ਦਿਲ ਦਾ ਦੌਰਾ ਪੈਣ ਮਗਰੋਂ ਏਮਸ ਲਿਜਾਇਆ ਗਿਆ। 58 ਸਾਲਾ ਸਟੈਂਡਅਪ ਕਾਮੇਡੀਅਨ ਨੂੰ ਸਵੇਰੇ ਕਰੀਬ 10:45 ਵਜੇ ਏਮਸ ਦੇ ਐਮਰਜੈਂਸੀ ਵਾਰਡ ਵਿੱਚ ਲਿਆਂਦਾ ਗਿਆ। ਉਸ ਦੇ ਦੋਸਤ ਸੁਨੀਲ ਪਾਲ ਨੇ ਦੱਸਿਆ ਕਿ ਸ੍ਰੀਵਾਸਤਵ ਹੁਣ ਠੀਕ ਹੈ। ਉਸ ਦੇ ਰਿਸ਼ਤੇਦਾਰ ਅਸ਼ੋਕ ਸ੍ਰੀਵਾਸਤਵ ਨੇ ਦੱਸਿਆ ਕਿ ਰਾਜੂ ਨੂੰ ਕਸਰਤ ਕਰਦੇ ਸਮੇਂ ਦਿਲ ਦਾ ਦੌਰਾ ਪਿਆ। ਉਸ ਨੇ ਦੱਸਿਆ ਕਿ ਜਦੋਂ ਉਹ ਰੋਜ਼ਾਨਾ ਦੀ ਤਰ੍ਹਾਂ ਕਸਰਤ ਕਰ ਰਿਹਾ ਸੀ ਤਾਂ ਅਚਾਨਕ ਹੇਠਾਂ ਡਿੱਗ ਗਿਆ। ਇਸ ਮਗਰੋਂ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ।

MORTGAGE
Get Interest Rates as low as
4.18%*
5 YEARS VARIABLE CLOSED
*Conditions Apply. Rates subject to change without notice. Valid till 31 Aug., 22. It is for the Principal house.
GET CASH BACK UP TO $3000*
Superior Mortgage
Unit 244-8138-128 Street, Surrey
604 507 1000
Our Symbol of Care & Service



JOSAN REBAR & DAMPPROOFING LTD.
7 ਸਾਲ ਤੋਂ ਵੱਧ ਤਜ਼ਰਬਾ
• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
-ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com







# ਸੋਸ਼ਲ ਮੀਡੀਆ 'ਤੇ ਪੋਸਟ ਪਾਉਣ ਦੇ ਇੱਕ ਕਰੋੜ ਲੈਂਦੀ ਹੈ ਆਲੀਆ ਭੱਟ



ਚੰਡੀਗੜ੍ਹ-ਅਦਾਕਾਰਾ ਆਲੀਆ ਭੱਟ ਨੇ ਬਹੁਤ ਥੋੜ੍ਹੇ ਜਿਹੇ ਸਮੇਂ ਵਿੱਚ ਵੱਡੀ ਗਿਣਤੀ ਪ੍ਰਸ਼ੰਸਕ ਬਣਾਏ ਹਨ। ਉਹ ਸਮੇਂ-ਸਮੇਂ 'ਤੇ ਆਪਣੇ ਪ੍ਰਸ਼ੰਸਕਾਂ ਨਾਲ ਆਪਣੀਆਂ ਤਸਵੀਰਾਂ ਵੀ ਸਾਂਝੀਆਂ ਕਰਦੀ ਰਹਿੰਦੀ ਹੈ। ਫ਼ਿਲਮਾਂ ਤੋਂ ਇਲਾਵਾ ਅਦਾਕਾਰਾ ਸੋਸ਼ਲ ਮੀਡੀਆ ਰਾਹੀਂ ਵੀ ਖਾਸੀ ਕਮਾਈ ਕਰ ਰਹੀ ਹੈ। ਆਲੀਆ ਭੱਟ ਸੋਸ਼ਲ ਮੀਡੀਆ 'ਤੇ ਆਪਣੀ ਤਸਵੀਰ ਸਾਂਝੀ ਕਰਨ ਜਾਂ ਕੋਈ ਪੋਸਟ ਪਾਉਣ ਦੇ 85 ਲੱਖ ਤੋਂ ਇੱਕ ਕਰੋੜ ਰੁਪਏ ਤੱਕ ਲੈਂਦੀ ਹੈ। 2021 ਵਿੱਚ ਜਾਰੀ ਕੀਤੀ ਗਈ 'ਸਿਲੈਬ੍ਰਿਟੀ ਬ੍ਰਾਂਡ ਵੈਲਿਊਏਸ਼ਨ' ਰਿਪੋਰਟ ਅਨੁਸਾਰ ਆਲੀਆ ਦਾ ਬ੍ਰਾਂਡ ਮੁੱਲ 68.1 ਮਿਲੀਅਨ ਡਾਲਰ (540 ਕਰੋੜ ਰੁਪਏ) ਦਰਜ ਕੀਤਾ ਗਿਆ ਸੀ ਤੇ ਉਹ ਸਭ ਤੋਂ ਛੋਟੀ ਉਮਰ ਦੀਆਂ ਦਸ ਹਸਤੀਆਂ ਦੀ ਸੂਚੀ ਵਿੱਚ ਵੀ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਅਦਾਕਾਰਾ ਨੇ ਲੰਘੇ ਅਪਰੈਲ ਮਹੀਨੇ ਅਦਾਕਾਰ ਰਣਬੀਰ ਕਪੂਰ ਨਾਲ ਵਿਆਹ ਕਰਵਾਇਆ ਸੀ ਤੇ ਜੂਨ ਮਹੀਨੇ ਉਸ ਨੇ ਆਪਣੇ ਗਰਭਵਤੀ ਹੋਣ ਦੀ ਖ਼ਬਰ ਆਪਣੇ ਪ੍ਰਸ਼ੰਸਕਾਂ ਨਾਲ ਸਾਂਝੀ ਕੀਤੀ ਸੀ। ਇਸ ਤੋਂ ਇਲਾਵਾ ਉਹ ਸਮੇਂ-ਸਮੇਂ 'ਤੇ ਆਪਣੀਆਂ ਫਿਲਮਾਂ ਦੀ ਪ੍ਰਮੋਸ਼ਨ ਵੀ ਸੋਸ਼ਲ ਮੀਡੀਆ ਰਾਹੀਂ ਕਰਦੀ ਰਹਿੰਦੀ ਹੈ। ਗ਼ੌਰਤਲਬ ਹੈ ਕਿ ਆਲੀਆ ਨੂੰ ਹਾਲ ਹੀ ਵਿੱਚ ਨੈੱਟਫਲਿਕ 'ਤੇ ਰਿਲੀਜ਼ ਹੋਈ ਸੀਰੀਜ਼ 'ਡਾਰਲਿੰਗਜ਼' ਵਿੱਚ ਦੇਖਿਆ ਗਿਆ ਹੈ, ਜਿਸ ਨੂੰ ਦਰਸ਼ਕਾਂ ਵੱਲੋਂ ਕਾਫ਼ੀ ਸਰਾਹਿਆ ਜਾ ਰਿਹਾ ਹੈ। ਆਲੀਆ ਦੀ ਅਗਲੀ ਫਿਲਮ 'ਬ੍ਰਹਮਾਸਤਰ' ਛੇਤੀ ਹੀ ਰਿਲੀਜ਼ ਹੋਣ ਵਾਲੀ ਹੈ।

# ਮੈਂ ਸ਼ਾਹਰੁਖ ਖਾਨ ਦੀ ਵੱਡੀ ਪ੍ਰਸ਼ੰਸਕ-ਤਾਪਸੀ ਪੰਨੂ

ਮੁੰਬਈ-ਅਦਾਕਾਰਾ ਤਾਪਸੀ ਪੰਨੂ ਨੇ ਆਖਿਆ ਕਿ ਉਹ ਸ਼ਾਹਰੁਖ ਖਾਨ ਤੇ ਉਸ ਦੀਆਂ ਫਿਲਮਾਂ ਦੀ ਬਹੁਤ ਵੱਡੀ ਪ੍ਰਸ਼ੰਸਕ ਹੈ। ਕਾਲਜ ਦੇ ਦਿਨਾਂ ਵਿੱਚ ਉਹ ਉਸ ਦੀਆਂ ਫਿਲਮਾਂ ਦੇਖਦੀ ਹੁੰਦੀ ਸੀ। ਜ਼ਿਕਰਯੋਗ ਹੈ ਕਿ 'ਪਿੰਕ' ਅਦਾਕਾਰਾ ਆਪਣੀ ਅਗਲੀ ਫਿਲਮ 'ਡੰਕੀ' ਵਿੱਚ ਸ਼ਾਹਰੁਖ ਖਾਨ ਨਾਲ ਨਜ਼ਰ ਆਵੇਗੀ। ਤਾਪਸੀ ਪੰਨੂ ਨੇ ਕਿਹਾ ਕਿ ਉਹ ਸ਼ਾਹਰੁਖ ਖਾਨ ਨਾਲ ਕੰਮ ਕਰਕੇ ਮਾਣ ਮਹਿਸੂਸ ਕਰਦੀ ਹਾਂ। ਉਸ ਨੇ ਕਿਹਾ, "ਮੈਨੂੰ ਕਾਲਜ ਦੇ ਦਿਨਾਂ ਦੌਰਾਨ ਹੀ ਫ਼ਿਲਮਾਂ ਮਿਲ ਗਈਆਂ ਸਨ ਪਰ ਮੇਰੇ ਮਾਤਾ-ਪਿਤਾ ਨਹੀਂ ਚਾਹੁੰਦੇ ਸਨ ਕਿ ਮੇਰਾ ਝੁਕਾਅ ਫ਼ਿਲਮਾਂ ਵਾਲੇ ਪਾਸੇ ਹੋਵੇ। ਇਸ ਲਈ ਉਹ ਮੈਨੂੰ ਕਦੇ ਵੀ ਸਿਨੇਮਾ ਲੈ ਕੇ ਨਹੀਂ ਗਏ। ਜਦੋਂ ਮੈਂ ਫ਼ਿਲਮਾਂ ਦੇਖਣੀਆਂ ਸ਼ੁਰੂ ਕੀਤੀਆਂ ਉਦੋਂ ਸ਼ਾਹਰੁਖ ਖਾਨ ਸੁਪਰਸਟਾਰ ਸੀ। ਜ਼ਾਹਿਰ ਹੈ ਉਸ ਦੀ ਫਿਲਮ ਪਹਿਲੇ ਹਫ਼ਤੇ ਹੀ ਦੇਖਣੀ ਜ਼ਰੂਰੀ ਸੀ।"



ਸ਼ੋਰ ਸਾਈਡ ਫਿਸ਼ ਕੈਨਰੀ
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।



• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ

हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

**OPEN 7 DAYS**

ICBC autoplan www.goldkeyinsurance.ca



fruiticana hee jaana!
Your one and only Surrey owned Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
EXTRA EXTRA SUPER SPECIAL
Roma Tomatoes
ਰੋਮਾ ਟਮਾਟਰ
99¢ lb
EXTRA SUPER SUPER SPECIAL
Jumbo Cauliflower (Size 9)
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$1.99 ea.
Zucchini Squash
ਜ਼ੁਕੀਨੀ ਸਕੁਐਸ਼
88¢ lb
EXTRA SUPER SUPER SPECIAL
Desi Karela
ਦੇਸੀ ਕਰੇਲਾ
$1.49 lb
SUPER SPECIAL
Spinach
ਪਾਲਕ
99¢ bunch
Peaches
ਆੜੂ
$1.99 lb
Opo Squash (Long)
ਓਪੋ ਕੱਦੂ ਲੰਬੇ
88¢ lb
SUPER SPECIAL
Seedless Watermelons
ਬਿਨਾਂ ਬੀਜ ਹਦਵਾਣਾ
69¢ lb
SUPER SPECIAL
Hamdard Rooh Afza (Indian) 750 ml
ਰੂਹ ਅਫਜ਼ਾ
$3.88 bottle
Dabur Rose Syrup 710 ml
ਡਾਬਰ ਗੁਲਾਬ ਰਸ
$4.99 bottle
Green & Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.99 lb
SUPER SPECIAL
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
SUPER SPECIAL
Chickpeas, Chana Dal & Red Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ (ਇੰਡੀਕੈਂਨ)
$3.88 bag
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$3.98 lb
Nectarines
ਨਿਕਟੇਰੀਨਸ
$1.99 lb
Indican Almond Oil 1 L
ਇੰਡੀਕੈਂਨ ਬਦਾਮ ਦਾ ਤੇਲ
$12.99 bottle
Plums
ਆਲੂਬੁਖਾਰਾ
$1.99 lb
SUPER SPECIAL
Red Delicious Apples
ਲਾਲ ਸਵਾਦ ਸੇਬ
98¢ lb
Indian Eggplants
ਦੇਸੀ ਬਤਾਊਂ
$1.49 lb
Yellow Onion 50 lbs
ਪੀਲੇ ਗੰਢੇ
$22.99 bag
Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb
Thur Aug 11, 2022 - Wed Aug 17, 2022
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS 9 AM - 9 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------ 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520